
# ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਪਛਾਣ, ਅਧਿਸੂਚਨਾ ਅਤੇ ਪ੍ਰਬੰਧਨ ਲਈ ਦਿਸ਼ਾ-ਨਿਰਦੇਸ਼

ਪੰਜਾਬ ਜੈਵ-ਵਿਭਿੰਨਤਾ ਬੋਰਡ
ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਪੰਜਾਬ ਸਰਕਾਰ

# ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਪਛਾਣ, ਅਧਿਸੂਚਨਾ ਅਤੇ ਪ੍ਰਬੰਧਣ ਲਈ ਦਿਸ਼ਾ-ਨਿਰਦੇਸ਼



ਕਾਯਾ ਕਲਪ ਦਰਖਤ, ਪਿੰਡ ਚੋਲਟੀਖੇੜੀ,
ਜ਼ਿਲ੍ਹਾ ਫਤਿਹਗੜ੍ਹ ਸਾਹਿਬ : ਸੰਭਾਵੀ
ਜੈਵ-ਵਿਭਿੰਨਤਾ ਵਿਰਾਸਤੀ ਸਥਲ


**ਪੰਜਾਬ ਜੈਵ-ਵਿਭਿੰਨਤਾ ਬੋਰਡ**

ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਪੰਜਾਬ ਸਰਕਾਰ

ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਦੁਆਰਾ ਜੈਵ-ਵਿਭਿੰਨਤਾ ਪੱਖੋਂ ਮਹੱਤਵਪੂਰਨ ਖੇਤਰਾਂ ਨੂੰ ਜੈਵ-ਵਿਭਿੰਨਤਾ ਕਾਨੂੰਨ, 2002 ਦੀ ਧਾਰਾ 37 ਅਧੀਨ ਜੈਵ-ਵਿਭਿੰਨਤਾ ਵਿਰਾਸਤੀ ਸਥਲ ਵਜੋਂ ਅਧਿਸੂਚਨਾ ਕਰਨ ਲਈ ਇਹ ਦਿਸ਼ਾ ਨਿਰਦੇਸ਼ ਸੰਪਾਦਿਤ ਰੂਪ ਵਿਚ ਛਾਪੇ ਗਏ ਹਨ ਤਾਂ ਜੋ ਇਨ੍ਹਾਂ ਨੂੰ ਖੂਬ ਪ੍ਰਚਾਰਿਆ ਅਤੇ ਪ੍ਰਸਾਰਿਆ ਜਾ ਸਕੇ। ਇਹ ਦਿਸ਼ਾ-ਨਿਰਦੇਸ਼ ਕੌਮੀ ਜੈਵ-ਵਿਭਿੰਨਤਾ ਅਥਾਰਿਟੀ, ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਜਿਸ ਵਿਚ ਰਾਜ ਵਿੱਚ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਦੇ ਹੋਏ ਹੋਣ ਵਾਲੇ ਤਜਰਬੇ ਦੇ ਅਧਾਰ 'ਤੇ ਕੁਝ ਢੁਕਵੇਂ ਬਦਲਾਅ ਕੀਤੇ ਗਏ ਹਨ। ਇਸ ਕਾਰਜ ਨੂੰ ਸਿਰੇ ਚਾੜਨ ਵਿਚ ਡਾ. ਜਤਿੰਦਰ ਕੌਰ ਅਰੋੜਾ ਵਲੋਂ ਦਿਤੀ ਗਈ ਯੋਗ ਅਗਵਾਈ ਅਤੇ ਡਾ. ਸੁਰਿੰਦਰ ਕੁਮਾਰ ਜਿੰਦਲ ਜੀ ਦੇ ਸਹਿਯੋਗ ਲਈ ਬੋਰਡ ਅਤੀ ਧੰਨਵਾਦੀ ਹੈ। ਮਿਸ ਦੀਕਸ਼ਾ ਅਰੋੜਾ ਅਤੇ ਸ੍ਰੀਮਤੀ ਪ੍ਰਵੀਨ ਲਤਾ ਦਾ ਖਰੜੇ ਨੂੰ ਟਾਇਪ ਕਰਨ ਵਾਸਤੇ ਧੰਨਵਾਦ ਕੀਤਾ ਜਾਂਦਾ ਹੈ।

© ਪੰਜਾਬ ਜੈਵ-ਵਿਭਿੰਨਤਾ ਬੋਰਡ, 2017

**ਤਿਆਰ ਕਰਤਾ:** ਗੁਰਹਰਮਿੰਦਰ ਸਿੰਘ ਅਤੇ ਰੁਪਾਲੀ ਬੱਲ

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ :

**ਪੰਜਾਬ ਜੈਵ-ਵਿਭਿੰਨਤਾ ਬੋਰਡ**
ਦਫਤਰ: ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ
MGSIPA ਕੰਪਲੈਕਸ, ਸੈਕਟਰ 26,
ਚੰਡੀਗੜ੍ਹ- 160019
ਫੋਨ: 0172-2792325, ਫੈਕਸ- 0172-2793143
ਵੈਬਸਾਇਟ: www.pbb.gov.in

**ਕੌਮੀ ਜੈਵ-ਵਿਭਿੰਨਤਾ ਅਥਾਰਟੀ**
5 ਵੀ ਮੰਜ਼ਿਲ, ਟਾਇਸਲ ਬਾਇਓਪਾਰਕ, ਤਾਰਾਮਨੀ ਰੋਡ,
ਤਾਰਾਮਨੀ, ਚੇਨਈ-600113
ਫੋਨ: 044-22542777, ਫੈਕਸ: 044-22541200
ਵੈਬਸਾਇਟ: www.nbaindia.org

**ਪ੍ਰਕਾਸ਼ਕ:** ਪੰਜਾਬ ਜੈਵ-ਵਿਭਿੰਨਤਾ ਬੋਰਡ

DISCLAIMER
Earnest efforts have been made to translate the information furnished in this publication in Punjabi as accurate as possible, but the Punjab Biodiversity Board will not be held responsible for any remaining inaccuracies or omissions or typographical errors. Incase of any discrepancies, the English version Guidelines for Biodiversity Heritage Sites will prevail

Printed at : Bansal Graphics

# ਮੁਖਬੰਧ

ਜੈਵ-ਵਿਭਿੰਨਤਾ ਕਾਨੂੰਨ, 2002 ਦੀ ਧਾਰਾ 37 ਦੇ ਤਹਿਤ ਜੈਵ-ਵਿਭਿੰਨਤਾ ਪੱਖੋਂ ਮਹੱਤਵਪੂਰਨ ਖੇਤਰਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੇ ਤੌਰ ਤੇ ਅਧਿਸੂਚਤ ਕਰਨ ਦੀ ਲੋੜ ਹੈ। ਇਸ ਹਿੱਤ ਦੀ ਪੂਰਤੀ ਕਰਨ ਲਈ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ, ਭਾਰਤ ਸਰਕਾਰ ਨੇ "ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਚੋਣ ਅਤੇ ਪ੍ਰਬੰਧਣ ਲਈ ਦਿਸ਼ਾ-ਨਿਰਦੇਸ਼" ਤਿਆਰ ਕਰਨ ਦਾ ਇੱਕ ਉਪਰਾਲਾ ਕੀਤਾ ਸੀ।

ਭਾਵੇਂ ਪੰਜਾਬ ਰਾਜ ਦੀ ਪਹਿਚਾਨ ਇੱਕ ਖੇਤੀ ਪ੍ਰਧਾਨ ਸੂਬੇ ਵਜੋਂ ਕੀਤੀ ਜਾਂਦੀ ਹੈ ਪਰ ਰਾਜ ਵਿੱਚ ਅਨੇਕਾਂ ਹੀ ਜੈਵ-ਵਿਭਿੰਨਤਾ ਨਾਲ ਭਰਪੂਰ ਖੇਤਰ ਹਨ ਜਿਵੇਂ ਕਿ ਜਲਗਾਹਾਂ, ਬੀੜਾਂ, ਰੱਖਾਂ, ਨਹਿਰਾਂ ਦੇ ਕਿਨਾਰੇ, ਚੋਆਂ ਆਦਿ। ਜੈਵ-ਵਿਭਿੰਨਤਾ ਕਾਨੂੰਨ, 2002 ਦੀ ਪਾਲਣਾ ਹਿੱਤ ਬੋਰਡ ਵੱਲੋਂ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਦੇ ਸਹਿਯੋਗ ਨਾਲ ਪੰਜਾਬ ਵਿਚ ਜੈਵ-ਵਿਭਿੰਨਤਾ ਪੱਖੋਂ ਮਹੱਤਵਪੂਰਨ ਖੇਤਰਾਂ ਦੀ ਪਹਿਚਾਨ ਤੇਜੀ ਨਾਲ ਕੀਤੀ ਜਾ ਰਹੀ ਹੈ। ਰਾਜ ਵਿੱਚ ਹੁਣ ਤੱਕ 6 ਅਜਿਹੇ ਖੇਤਰਾਂ ਦੀ ਚੋਣ ਕੀਤੀ ਜਾ ਚੁੱਕੀ ਹੈ ਜੋ ਕਿ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੇ ਤੌਰ ਤੇ ਅਧਿਸੂਚਤ ਕੀਤੇ ਜਾਣ ਦੀ ਸਮਰੱਥਤਾ ਰੱਖਦੇ ਹਨ।

ਮੈਨੂੰ ਪੂਰੀ ਉਮੀਦ ਹੈ ਕਿ ਬੋਰਡ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਦਿਸ਼ਾ ਨਿਰਦੇਸ਼ਾਂ ਦਾ ਪੰਜਾਬੀ ਅਨੁਵਾਦ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਚੋਣ ਅਤੇ ਪ੍ਰਬੰਧਨ ਲਈ ਵਧੇਰੇ ਉਪਯੋਗੀ ਹੋਵੇਗਾ। ਅਜਿਹੀ ਮਹੱਤਵਪੂਰਨ ਪੁਸਤਿਕਾ ਦੇ ਪੰਜਾਬੀ ਅਨੁਵਾਦ ਨੂੰ ਛਾਪਣ ਲਈ ਕੌਮੀ ਜੈਵ-ਵਿਭਿੰਨਤਾ ਅਥਾਰਟੀ ਭਾਰਤ ਸਰਕਾਰ ਵੱਲੋਂ ਦਿਤੀ ਜਾ ਰਹੀ ਵਿਤੀ ਸਹਾਇਤਾ ਲਈ ਮੈਂ ਅਤਿ ਧੰਨਵਾਦੀ ਹਾਂ।

**ਡਾ. ਜਤਿੰਦਰ ਕੌਰ ਅਰੋੜਾ**
ਮੈਂਬਰ ਸਕੱਤਰ,
ਪੰਜਾਬ ਜੈਵ-ਵਿਭਿੰਨਤਾ ਬੋਰਡ,
ਚੰਡੀਗੜ੍ਹ।

# ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਪਛਾਣ, ਅਧਿਸੂਚਨਾ ਅਤੇ ਪ੍ਰਬੰਧਨ ਲਈ ਦਿਸ਼ਾ-ਨਿਰਦੇਸ਼

## 1. ਜਾਣ-ਪਛਾਣ

1.1 ਵਾਤਾਵਰਨੀ-ਪ੍ਰਣਾਲੀ ਦੀ ਸੁਰੱਖਿਆ ਨਾਲ ਅਤੇ ਇਸ ਕਰਕੇ ਮਨੁੱਖੀ ਭਲਾਈ ਨਾਲ ਜੈਵ-ਵਿਭਿੰਨਤਾ ਦਾ ਬੜਾ ਗੂੜ੍ਹਾ ਸਬੰਧ ਹੈ। ਘਟ ਰਹੇ ਜੈਵਿਕ ਸ੍ਰੋਤਾਂ ਸਬੰਧੀ ਚਿੰਤਾਵਾਂ ਅਤੇ ਇਨ੍ਹਾਂ ਸ੍ਰੋਤਾਂ ਦੀ ਹੋ ਸਕਣ ਵਾਲੀ ਲੁੱਟ ਦੇ ਡਰ ਕਾਰਨ ਪੂਰੇ ਸੰਸਾਰ ਦੇ ਦੇਸ਼ਾਂ ਨੇ ਸਾਲ 1992 ਵਿਚ ਜੈਵ - ਵਿਭਿੰਨਤਾ - ਸੰਧੀ ਨੂੰ ਅਪਣਾਇਆ। ਇਸ ਸੰਧੀ ਨੇ ਹੀ ਪਹਿਲੀ ਵਾਰ ਇਸ ਗੱਲ ਨੂੰ ਮਾਨਤਾ ਦਿੱਤੀ ਕਿ ਜੈਵਿਕ ਸ੍ਰੋਤਾਂ ਉਪਰ ਸਬੰਧਤ ਦੇਸ਼ਾਂ ਦਾ ਆਪਣਾ ਸੁਤੰਤਰ ਅਧਿਕਾਰ ਹੈ ਅਤੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਜੈਵਿਕ ਸ੍ਰੋਤਾਂ ਦੀ ਵਰਤੋਂ ਕੇਵਲ ਇਸ ਢੰਗ ਨਾਲ ਕੀਤੀ ਜਾਵੇ ਕਿ ਵਾਤਾਵਰਨ ਦਾ ਨੁਕਸਾਨ ਨਾ ਹੋਵੇ ਅਤੇ ਇਹ ਵਰਤੋਂ ਉਸ ਦੇਸ਼ ਦੇ ਕਾਨੂੰਨਾਂ ਦੇ ਅਧੀਨ ਹੀ ਹੋਵੇ। ਭਾਰਤ ਉਹ ਦੇਸ਼ ਹੈ ਜਿਥੇ ਉਚ ਦਰਜੇ ਦੀ ਜੈਵ-ਵਿਭਿੰਨਤਾ ਪਾਈ ਜਾਂਦੀ ਹੈ ਅਤੇ ਜਿਸ ਨੇ ਜੈਵ-ਵਿਭਿੰਨਤਾ-ਸੰਧੀ ਉਪਰ ਸਹੀ ਪਾਈ ਹੈ। ਜੈਵ-ਵਿਭਿੰਨਤਾ-ਸੰਧੀ ਦੀਆਂ ਧਾਰਾਵਾਂ ਦੇ ਮੱਦੇ ਨਜ਼ਰ ਅਤੇ ਦੇਸ਼ ਦੇ ਜੈਵਿਕ ਸ੍ਰੋਤਾਂ ਦੇ ਪ੍ਰਬੰਧਣ ਨਾਲ ਨਜਿੱਠਣ ਲਈ ਭਾਰਤ ਸਰਕਾਰ ਨੇ ਜੈਵ-ਵਿਭਿੰਨਤਾ ਕਾਨੂੰਨ, 2002 ਬਣਾਇਆ ਹੈ। ਜੈਵ-ਵਿਭਿੰਨਤਾ ਨਿਯਮਾਂ ਦੀ ਨੋਟੀਫਿਕੇਸ਼ਨ ਸਾਲ 2004 ਵਿਚ ਕੀਤੀ ਗਈ ਸੀ।

1.2 ਜੈਵ-ਵਿਭਿੰਨਤਾ ਕਾਨੂੰਨ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ, ਇਸ ਦੇ ਅੰਸ਼ਾਂ ਦੀ ਟਿਕਾਊ ਵਰਤੋਂ ਅਤੇ ਜੈਵਿਕ ਸ੍ਰੋਤਾਂ ਤੇ ਸਬੰਧਤ ਪ੍ਰੰਪਰਾਗਤ ਗਿਆਨ ਦੀ ਵਰਤੋਂ ਨਾਲ ਹੋਣ ਵਾਲੇ ਲਾਭਾਂ ਦੀ ਸਹੀ ਅਤੇ ਬਰਾਬਰ ਵੰਡ ਅਤੇ ਇਨ੍ਹਾਂ ਮੁੱਦਿਆਂ ਨਾਲ ਜੁੜੀਆਂ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਅਧਾਰ ਪ੍ਰਦਾਨ ਕਰਦਾ ਹੈ। ਜੈਵ-ਵਿਭਿੰਨਤਾ ਕਾਨੂੰਨ ਦਾ ਵਿਕੇਂਦਰੀਕਰਨ ਕੀਤਾ ਹੋਇਆ ਹੈ ਜਿਸ ਅਧੀਨ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ, ਰਾਜ ਜੈਵ-ਵਿਭਿੰਨਤਾ ਬੋਰਡ ਅਤੇ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਰਾਸ਼ਟਰੀ, ਸੂਬਾਈ ਅਤੇ ਸਥਾਨਕ ਪੱਧਰਾਂ ਉਪਰ ਕੰਮ ਕਰ ਰਹੀਆਂ ਹਨ।

1.3 ਜੈਵ-ਵਿਭਿੰਨਤਾ ਕਾਨੂੰਨ ਵਿਚ ਇਹ ਧਾਰਾਵਾਂ (ਪ੍ਰਬੰਧ) ਹਨ ਕਿ ਜੈਵ-ਵਿਭਿੰਨਤਾ ਦੀ ਸੰਭਾਲ ਉਸ ਦੇ ਮੂਲ ਨਿਵਾਸ-ਸਥਲ ਵਾਲੀਆਂ ਅਤੇ ਬਨਾਵਟੀ ਹਾਲਤਾਂ ਅਧੀਨ ਕੀਤੀ ਜਾਵੇ। ਜਦੋਂ ਇਹ ਸਾਂਭ-ਸੰਭਾਲ ਮੂਲ ਨਿਵਾਸ-ਸਥਲ ਵਾਲੀਆਂ ਹਾਲਤਾਂ ਵਿਚ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਪਰਿਸਥਿਤਿਕ ਪ੍ਰਬੰਧਾਂ ਅਤੇ ਕੁਦਰਤੀ ਨਿਵਾਸ-ਸਥਲਾਂ ਦੀ ਸਾਂਭ-ਸੰਭਾਲ ਕੀਤੀ ਜਾਵੇ ਅਤੇ ਪ੍ਰਜਾਤੀਆਂ ਦੀ ਜਿਉਂਦੇ ਰਹਿ ਸਕਣ ਯੋਗ ਅਬਾਦੀ ਕੁਦਰਤੀ ਚੌਗਿਰਦੇ ਵਿਚ, ਜਦਕਿ ਪਾਲਤੂ ਪ੍ਰਜਾਤੀਆਂ ਦੇ ਮਾਮਲੇ ਵਿਚ ਅਜਿਹਾ ਉਸ



ਚੌਗਿਰਦੇ ਵਿਚ ਕੀਤਾ ਜਾਵੇ ਜਿਥੇ ਉਨ੍ਹਾਂ ਨੇ ਆਪਣੇ ਵਿਸ਼ੇਸ਼ ਗੁਣ ਵਿਕਸਿਤ ਕੀਤੇ ਹੋਣ।

## 2. ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਮਹੱਤਤਾ ਅਤੇ ਉਦੇਸ਼

2.1 ਪਰੰਪਰਾਗਤ ਤਰੀਕੇ ਨਾਲ ਪ੍ਰਬੰਧਿਤ ਖੇਤਰਾਂ ਵਿਚ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ ਨੂੰ ਹੱਲਾਸ਼ੇਰੀ ਦੇਣ ਲਈ ਅਤੇ ਵਿਸਤ੍ਰਿਤ ਤਰੀਕੇ ਨਾਲ ਪ੍ਰਬੰਧਿਤ ਕੀਤੇ ਜਾ ਰਹੇ ਇਲਾਕਿਆਂ ਵਿਚ ਜੈਵ-ਵਿਭਿੰਨਤਾ ਨੂੰ ਤੇਜ਼ੀ ਨਾਲ ਲੱਗਣ ਵਾਲੇ ਖੋਰੇ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਮਹੱਤਵਪੂਰਨ ਸਥਲਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਇਹ ਵੀ ਜ਼ਰੂਰੀ ਹੈ ਕਿ ਸਮਾਜ ਦੇ ਸਾਰੇ ਭਾਗਾਂ ਵਿਚ ਅਜਿਹੀਆਂ ਕਦਰਾਂ-ਕੀਮਤਾਂ ਪਾਈਆਂ ਅਤੇ ਵਧਾਈਆਂ ਜਾਣ ਜਿਨ੍ਹਾਂ ਨਾਲ ਲੋਕ ਜੈਵ-ਵਿਭਿੰਨਤਾ ਦੀ ਸੰਭਾਲ ਕਰਨ ਲੱਗ ਪੈਣ। ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਸਥਾਪਨਾ ਦਾ ਅਰਥ ਹੋਵੇਗਾ ਸਮਾਜ ਵਿਚ ਇਹ ਕਦਰਾਂ-ਕੀਮਤਾਂ ਸਥਾਪਤ ਕਰਨਾ ਤਾਂ ਜੋ ਇਹ ਖੇਤਰ ਕੁਦਰਤ, ਸੱਭਿਆਚਾਰ, ਸਮਾਜ ਅਤੇ ਤਕਨਾਲੋਜੀਆਂ ਵਿਚਲੇ ਇੱਕ ਸਕਾਰਾਤਮਕ ਸਬੰਧ ਨੂੰ ਵੀ ਦਰਸਾਉਣ, ਸਾਂਭ-ਸੰਭਾਲ ਤੇ ਰੋਟੀ-ਰੋਜ਼ੀ ਦੀ ਸੁਰੱਖਿਆ ਦੋਵੇਂ ਪ੍ਰਾਪਤ ਹੋ ਸਕਣ ਅਤੇ ਜੰਗਲੀ ਤੇ ਪਾਲਤੂ ਜੈਵ-ਵਿਭਿੰਨਤਾ ਵਿਚਕਾਰਲੇ ਸਕਾਰਾਤਮਕ ਸਬੰਧ ਵਧਾਏ ਜਾ ਸਕਣ।

2.2 ਕਿਸੇ ਵੀ ਜਨ-ਸਮੁਦਾਇ ਕੋਲ ਨੇੜਲੇ ਖੇਤਰ ਵਿਚ ਕੋਈ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਹੋਣਾ ਉਸ ਜਨ-ਸਮੁਦਾਇ ਲਈ ਇੱਜ਼ਤ-ਮਾਣ ਵਾਲੀ ਗੱਲ ਹੋਣੀ ਚਾਹੀਦੀ ਹੈ। ਇਹ ਵਧੀਆ ਤੱਥ ਪੂਰੇ ਮੁਲਕ ਲਈ ਉਸ ਜਨ-ਸਮੁਦਾਇ ਦੀ ਉਦਾਹਰਨ ਹੋ ਸਕਦਾ ਹੈ ਅਤੇ ਉਨ੍ਹਾਂ ਦੀਆਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸ੍ਰੋਤਾਂ ਦੀ ਉਪਲਬਧਤਾ ਯਕੀਨੀ ਬਣਾਉਣ ਵਿਚ ਵੀ ਭੂਮਿਕਾ ਨਿਭਾਅ ਸਕਦਾ ਹੈ। ਧਾਰਮਿਕ (ਪਵਿੱਤਰ) ਰੁੱਖ-ਝੁੰਡਾਂ ਨੂੰ (ਆਮ ਤੌਰ 'ਤੇ) ਅਤੇ ਪੂਰਬੀ ਘਾਟਾਂ ਅਤੇ ਉੱਤਰ-ਪੂਰਬੀ ਭਾਰਤ ਵਿਚਲੇ ਸਥਲਾਂ ਨੂੰ ਸਿੱਧੇ ਹੀ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਅਤੇ ਅਧਿਸੂਚਿਤ ਕੀਤਾ ਜਾ ਸਕਦਾ ਹੈ।

2.3 ਜੈਵ-ਵਿਭਿੰਨਤਾ ਕਾਨੂੰਨ, 2002 ਦੀ ਧਾਰਾ 37 ਦੇ ਅਧੀਨ ਰਾਜ ਸਰਕਾਰ ਸਥਾਨਕ ਇਕਾਈਆਂ ਨਾਲ ਸਲਾਹ ਮਸ਼ਵਰਾ ਕਰਕੇ ਜੈਵ-ਵਿਭਿੰਨਤਾ ਪੱਖੋਂ ਮਹੱਤਵਪੂਰਨ ਖੇਤਰਾਂ ਨੂੰ ਸਰਕਾਰੀ ਗਜ਼ਟ ਵਿਚ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੇ ਤੌਰ 'ਤੇ ਨੋਟੀਫਾਈ ਕਰ ਸਕਦੀ ਹੈ।

2.4 ਧਾਰਾ 37 ਦੀ ਉਪ ਧਾਰਾ (2) ਅਧੀਨ ਰਾਜ ਸਰਕਾਰ, ਕੇਂਦਰ ਸਰਕਾਰ ਨਾਲ ਸਲਾਹ-ਮਸ਼ਵਰਾ ਕਰਕੇ, ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਅਤੇ ਉਸ ਦੀ ਸਾਂਭ-ਸੰਭਾਲ ਲਈ ਨਿਯਮ ਬਣਾ ਸਕਦੀ ਹੈ।

2.5 ਧਾਰਾ 37 ਦੀ ਉਪ ਧਾਰਾ (3) ਅਧੀਨ ਰਾਜ ਸਰਕਾਰ ਯੋਜਨਾਵਾਂ ਬਣਾਏਗੀ ਤਾਂ ਜੋ ਅਜਿਹੀ ਅਧਿਸੂਚਨਾ ਕਾਰਨ ਜੇਕਰ ਕੁਝ ਲੋਕ ਆਰਥਿਕ ਤੌਰ 'ਤੇ ਪ੍ਰਭਾਵਿਤ ਹੁੰਦੇ

ਹਨ ਤਾਂ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ।

2.6 ਜੈਵ-ਵਿਭਿੰਨਤਾ ਕਾਨੂੰਨ ਦੀਆਂ ਉਪਰੋਕਤ ਧਾਰਾਵਾਂ ਦੇ ਅਨੁਸਾਰ ਇਸ ਗੱਲ ਦੀ ਅਤਿ ਗੰਭੀਰ ਲੋੜ ਹੈ ਕਿ ਪਰੰਪਰਾਗਤ ਤਰੀਕਿਆਂ ਨਾਲ ਪ੍ਰਬੰਧਿਤ ਖੇਤਰਾਂ ਵਿਚ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ ਨੂੰ ਹੱਲਾ ਸ਼ੇਰੀ ਦਿੱਤੀ ਜਾਵੇ, ਵਿਸਤ੍ਰਿਤ ਤਰੀਕੇ ਨਾਲ ਪ੍ਰਬੰਧਿਤ ਕੀਤੇ ਜਾ ਰਹੇ ਇਲਾਕਿਆਂ ਵਿਚ ਜੈਵ-ਵਿਭਿੰਨਤਾ ਨੂੰ ਤੇਜ਼ੀ ਨਾਲ ਲੱਗਣ ਵਾਲੇ ਖੋਰੇ ਨੂੰ ਰੋਕਿਆ ਜਾਵੇ ਅਤੇ ਜੈਵ-ਵਿਭਿੰਨਤਾ ਪੱਖੋਂ ਮਹੱਤਵਪੂਰਨ ਖੇਤਰਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਮਾਨਤਾ ਦਿੱਤੀ ਜਾ ਸਕੇ। ਕੁਦਰਤੀ ਸ੍ਰੋਤਾਂ ਦਾ ਲੋੜ ਤੋਂ ਵੱਧ ਦੋਹਨ ਅਤੇ ਵਾਤਾਵਰਨ ਦਾ ਖਰਾਬ ਹੋਣਾ ਰੋਕਿਆ ਜਾ ਸਕੇ।

2.7 ਜੈਵ-ਵਿਭਿੰਨਤਾ ਵਿਰਾਸਤੀ ਸਥਲ ਬਣਨ ਨਾਲ ਅਜਿਹੀ ਕਿਸੇ ਗਤੀਵਿਧੀ ਜਾਂ ਵਰਤੋਂ 'ਤੇ ਰੋਕ ਨਹੀਂ ਲੱਗ ਸਕੇਗੀ ਜੋ ਸਥਾਨਕ ਲੋਕ ਉਥੇ ਪਹਿਲਾਂ ਤੋਂ ਕਰਦੇ ਆਏ ਹੋਣ - ਰੋਕ ਕੇਵਲ ਉਸੇ ਗਤੀਵਿਧੀ ਜਾਂ ਵਰਤੋਂ 'ਤੇ ਲੱਗ ਸਕੇਗੀ ਜਿਸ ਬਾਰੇ ਉਹ ਲੋਕ ਖੁਦ ਅਜਿਹਾ ਫੈਸਲਾ ਦੇਣਗੇ। ਇਸ ਕੰਮ ਦਾ ਉਦੇਸ਼ ਹੈ - ਸਾਂਭ-ਸੰਭਾਲ ਦੇ ਉਪਰਾਲੇ ਦੁਆਰਾ ਸਥਾਨਕ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿਚ ਸੁਧਾਰ ਲਿਆਉਣਾ।

## 3. ਪ੍ਰਸੰਗ ਅਤੇ ਪਰਿਭਾਸ਼ਾਵਾਂ

3.1 ਜੈਵ-ਵਿਭਿੰਨਤਾ ਵਿਰਾਸਤੀ ਸਥਲ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਇਲਾਕੇ ਹਨ ਜੋ ਕਿ ਅਦੁੱਤੀਆਂ ਅਤੇ ਵਾਤਾਵਰਨੀ ਤੌਰ 'ਤੇ ਸੰਵੇਦਨਸ਼ੀਲ ਪਰਿਸਥਿਤਿਕ ਪ੍ਰਣਾਲੀਆਂ ਹਨ। ਇਹ ਸਥਲੀ, ਸਮੁੰਦਰ-ਕੰਢੇ ਦੇ ਤੇ ਅੰਦਰਲੀ ਧਰਤੀ ਦੇ ਅਤੇ ਸਮੁੰਦਰੀ ਪਾਣੀਆਂ ਦੇ ਉਪਰ ਫੈਲੇ ਅਤੇ ਭਰਪੂਰ ਜੈਵ-ਵਿਭਿੰਨਤਾ ਵਾਲੇ ਖੇਤਰ ਹਨ। ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਵਿੱਚ ਜੰਗਲੀ ਅਤੇ ਪਾਲਤੂ ਪਰਜਾਤੀਆਂ ਜਾਂ ਅੰਤਰਾ ਸਪੀਸ਼ੀਜ਼ ਵਰਗਾਂ (Intra species), ਉੱਚ-ਦਰਜੇ ਦੀ ਖੇਤਰ-ਵਿਸ਼ੇਸ਼ ਹੋਂਦ, ਦੁਰਲੱਭ ਅਤੇ ਖਤਰੇ ਹੇਠਲੀਆਂ ਪਰਜਾਤੀਆਂ ਦੀ ਹੋਂਦ, ਮੂਲ ਪਰਜਾਤੀਆਂ, ਜੈਵ-ਵਿਕਾਸਵਾਦ ਪੱਖੋਂ ਮਹੱਤਵਪੂਰਨ ਪਰਜਾਤੀਆਂ, ਪਾਲਤੂ/ਜ਼ਰਾਇਤੀ ਪਰਜਾਤੀਆਂ ਜਾਂ ਉਨ੍ਹਾਂ ਦੀਆਂ ਕਿਸਮਾਂ ਦੇ ਜੰਗਲੀ ਸਬੰਧੀ/ਪੂਰਵਜ ਭਰਪੂਰ ਮਾਤਰਾ ਵਿਚ ਹੁੰਦੇ ਹਨ। ਇਨ੍ਹਾਂ ਖੇਤਰਾਂ ਵਿਚ ਫੌਸਲ ਬੈਡ (Fossil bed) ਵੀ ਹੁੰਦੇ ਹਨ। ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਸੁੰਦਰਤਾ ਪੱਖੋਂ ਵੀ ਇਨ੍ਹਾਂ ਖੇਤਰਾਂ ਦੀ ਕਾਫੀ ਕੀਮਤ ਹੁੰਦੀ ਹੈ। ਸੱਭਿਆਚਾਰਕ ਵਿਭਿੰਨਤਾ ਬਣਾਈ ਰੱਖਣ ਵਿਚ ਇਨ੍ਹਾਂ ਖੇਤਰਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਨ੍ਹਾਂ ਖੇਤਰਾਂ ਨਾਲ ਮਨੁੱਖੀ ਸਬੰਧ ਦਾ ਇਕ ਲੰਬਾ ਇਤਿਹਾਸ ਹੋ ਵੀ ਸਕਦਾ ਹੈ ਅਤੇ ਨਹੀਂ ਵੀ।

3.2 ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਵਧੀਆ ਸਾਂਭ-ਸੰਭਾਲ ਅਤੇ ਪ੍ਰਬੰਧਣ ਯਕੀਨੀ ਬਣਾਉਣ ਲਈ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਨੇ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਪਛਾਣ, ਨੋਟੀਫਿਕੇਸ਼ਨ ਅਤੇ ਪ੍ਰਬੰਧਣ



ਸਬੰਧੀ ਹੇਠ ਲਿਖੇ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਹਨ:

## 4. ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਪਛਾਣ ਅਤੇ ਨੋਟੀਫਿਕੇਸ਼ਨ ਲਈ ਮਾਪਦੰਡ

4.1 ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਪਛਾਣ ਅਤੇ ਨੋਟੀਫਿਕੇਸ਼ਨ ਜੈਵ-ਵਿਭਿੰਨਤਾ ਕਾਨੂੰਨ ਦੀ ਧਾਰਾ 37 ਅਨੁਸਾਰ ਕੀਤੀ ਜਾ ਸਕਦੀ ਹੈ। ਸੋ, ਹੇਠ ਲਿਖਿਆਂ ਵਿਚੋਂ ਕੋਈ ਵੀ ਗੁਣ ਰੱਖਣ ਵਾਲਾ ਖੇਤਰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਵਜੋਂ ਪਛਾਣ ਅਤੇ ਨੋਟੀਫਿਕੇਸ਼ਨ ਕਰਨ ਦੇ ਯੋਗ ਹੋ ਜਾਂਦਾ ਹੈ:

4.2 ਉਹ ਇਲਾਕੇ ਜੋ ਕੁਦਰਤੀ, ਅਰਧ ਕੁਦਰਤੀ ਅਤੇ ਮਾਨਵ ਨਿਰਮਿਤ ਸਥਲਾਂ (ਜਿਨ੍ਹਾਂ ਵਿਚ ਜੀਵਨ ਦੀ ਚੋਖੀ ਵਿਭਿੰਨਤਾ ਰਹਿੰਦੀ ਹੋਵੇ) ਦਾ ਮਿਸ਼ਰਨ ਹੋਣ।

4.3 ਉਹ ਇਲਾਕੇ ਜਿਨ੍ਹਾਂ ਵਿਚ ਪਾਲਤੂ ਜੈਵ-ਵਿਭਿੰਨਤਾ ਦੇ ਕਾਫੀ ਅੰਸ਼ ਅਤੇ/ਜਾਂ ਨੁਮਾਇੰਦੇ ਜ਼ਰਾਇਤੀ-ਪਰਿਸਥਿਤਿਕ ਪ੍ਰਬੰਧ ਹੋਣ ਅਤੇ ਕੁਝ ਅਜਿਹੀਆਂ ਖੇਤੀਬਾੜੀ-ਗਤੀਵਿਧੀਆਂ ਹੋਣ ਜੋ ਜੈਵ-ਵਿਭਿੰਨਤਾ ਲਈ ਸਹਾਰਾ ਬਣਦੀਆਂ ਹੋਣ।

4.4 ਉਹ ਇਲਾਕੇ ਜਿਨ੍ਹਾਂ ਵਿਚ ਪਾਲਤੂ ਜੈਵ-ਵਿਭਿੰਨਤਾ ਦੇ ਕਾਫੀ ਅੰਸ਼ ਅਤੇ/ਜਾਂ ਨੁਮਾਇੰਦੇ ਖੇਤੀ-ਪਰਿਆਵਰਣਕ ਪ੍ਰਬੰਧ ਹੋਣ ਅਤੇ ਕੁਝ ਅਜਿਹੀਆਂ ਖੇਤੀਬਾੜੀ - ਗਤੀਵਿਧੀਆਂ ਹੋਣ ਜੋ ਜੈਵ-ਵਿਭਿੰਨਤਾ ਲਈ ਸਹਾਰਾ ਬਣਦੀਆਂ ਹੋਣ।

4.5 ਉਹ ਇਲਾਕੇ (ਭਾਵੇਂ ਉਹ ਬਹੁਤ ਛੋਟੇ ਹੋਣ) ਜੋ ਖਤਰੇ ਹੇਠਲੀਆਂ ਇੱਕ ਖੇਤਰ ਤੱਕ ਸੀਮਿਤ ਪਾਦਪ ਅਤੇ ਜੰਤੂ ਪਰਜਾਤੀਆਂ ਨੂੰ ਆਸਰਾ ਜਾਂ ਲਾਂਘਾ ਮੁਹੱਈਆ ਕਰਵਾਉਂਦੇ ਹੋਣ। ਉਦਾਹਰਨ ਵਜੋਂ ਸਥਾਨਕ ਲੋਕਾਂ ਦੁਆਰਾ ਸੰਭਾਲ ਕੇ ਰੱਖੇ ਹੋਏ ਖੇਤਰ ਜਾਂ ਸ਼ਹਿਰੀ ਹਰੇ-ਖੇਤਰ ਅਤੇ ਜਲਗਾਹਾਂ।

4.6 ਜ਼ਮੀਨ ਦੀ ਹਰ ਤਰ੍ਹਾਂ ਦੀ ਕਾਨੂੰਨੀ ਵਰਤੋਂ, ਭਾਵੇਂ ਇਹ ਸਰਕਾਰ ਦੁਆਰਾ ਕੀਤੀ ਜਾਂਦੀ ਹੋਵੇ ਅਤੇ ਜਾਂ ਜਨ-ਸਮੁਦਾਇ ਦੁਆਰਾ ਅਤੇ ਜਾਂ ਕਿਸੇ ਵਿਅਕਤੀ ਦੁਆਰਾ ਨਿਜੀ ਪੱਧਰ 'ਤੇ, ਉਕਤ ਵਰਗਾਂ ਅਧੀਨ ਵਿਚਾਰੀ ਜਾ ਸਕਦੀ ਹੈ।

4.7 ਜੰਗਲੀ ਜੀਵ ਸੁਰੱਖਿਆ ਕਾਨੂੰਨ, 1972 (ਸੋਧਿਤ) ਅਧੀਨ ਜਿਹੜੇ ਸਥਲ 'ਸੁਰੱਖਿਅਤ ਸਥਲ ਨੈਟਵਰਕ' ਅਧੀਨ ਨਹੀਂ ਆਉਂਦੇ ਉਨ੍ਹਾਂ ਨੂੰ ਵੀ (ਜਿੱਥੇ ਤਕ ਸੰਭਵ ਹੋਵੇ) ਵਿਚਾਰਿਆ ਜਾ ਸਕਦਾ ਹੈ।

4.8 ਉਹ ਇਲਾਕੇ ਜੋ ਮੌਸਮੀ ਪਰਵਾਸੀ ਪਰਜਾਤੀਆਂ ਨੂੰ ਪੋਸ਼ਣ ਅਤੇ ਪ੍ਰਜਣਨ ਲਈ ਨਿਵਾਸ-ਸਥਲ (ਜਲੀ ਜਾਂ ਸਥਲੀ) ਮੁਹੱਈਆ ਕਰਵਾਉਂਦੇ ਹੋਣ।

4.9 ਉਹ ਇਲਾਕੇ ਜੋ ਜੰਗਲਾਤ ਵਿਭਾਗ ਦੇ ਖੋਜ/ਰਿਸਰਚ ਵਿੰਗ ਦੁਆਰਾ ਸੰਭਾਲ-ਪਲਾਟਾਂ ਵਜੋਂ ਵਰਤੇ ਜਾ ਰਹੇ ਹੋਣ।

4.10 ਰੋਗ ਰੋਧੀ ਪੌਦਿਆਂ ਦੀ ਸਾਂਭ-ਸੰਭਾਲ ਵਾਲੇ ਇਲਾਕੇ ਜੋ ਕਿ ਫਾਉਂਡੇਸ਼ਨ ਫਾਰ ਰੀਵਾਈਟਲਾਈਜ਼ੇਸ਼ਨ ਆਫ ਲੋਕਲ ਹੈਲਥ ਟ੍ਰਡਿਸ਼ਨਜ਼ (ਐਫ.ਆਰ.ਐਲ. ਐਚ.ਟੀ.), ਬੈਂਗਲੁਰੂ ਨਾਲ ਮਿਲ ਕੇ ਸਥਾਪਿਤ ਕੀਤੇ ਗਏ ਹੋਣ।

## 5. ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਪਛਾਣ ਅਤੇ ਅਧਿਸੂਚਨਾ

ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਸਬੰਧੀ ਘੋਸ਼ਣਾ ਕਰਨ ਲਈ ਰਾਜ ਜੈਵ-ਵਿਭਿੰਨਤਾ ਬੋਰਡ ਦੁਆਰਾ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਅਤੇ ਹੋਰ ਯੋਗ ਜਨ-ਸੰਸਥਾਵਾਂ ਜਿਵੇਂ ਕਿ ਗ੍ਰਾਮ ਸਭਾਵਾਂ, ਪੰਚਾਇਤਾਂ, ਸ਼ਹਿਰੀ ਵਾਰਡਾਂ, ਜੰਗਲ ਸੁਰੱਖਿਆ ਕਮੇਟੀਆਂ, ਕਬੀਲਾਈ ਪ੍ਰੀਸ਼ਦਾਂ ਰਾਹੀਂ ਸੁਝਾਅ ਮੰਗੇ ਜਾ ਸਕਦੇ ਹਨ (ਜਾਂ ਪਹਿਲਾਂ ਤੋਂ ਆ ਰਹੇ ਅਜਿਹੇ ਸੁਝਾਵਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ)। ਪ੍ਰਸਤਾਵਿਤ ਜੈਵ-ਵਿਭਿੰਨਤਾ ਵਿਰਾਸਤੀ ਸਥਲ ਸਬੰਧੀ ਰਾਜ ਜੈਵ-ਵਿਭਿੰਨਤਾ ਬੋਰਡ ਪੇਂਡੂ ਲੋਕਾਂ, ਗੈ:ਸ: ਸੰਸਥਾਵਾਂ, ਕਿਸਾਨ/ਮਛੇਰਾ/ਆਦਿਵਾਸੀ ਸੰਗਠਨਾਂ, ਸ਼ਹਿਰੀ ਸਮੂਹਾਂ, ਖੋਜ ਸੰਸਥਾਵਾਂ, ਸਰਕਾਰੀ ਏਜੰਸੀਆਂ ਅਤੇ ਹੋਰ ਸੰਸਥਾਵਾਂ ਦਰਮਿਆਨ ਸੂਚਨਾ ਦਾ ਪ੍ਰਚਾਰ-ਪ੍ਰਸਾਰ ਢੁਕਵੇਂ ਮਾਧਿਅਮਾਂ ਰਾਹੀਂ (ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀਆਂ ਧਾਰਾਵਾਂ ਬਾਰੇ) ਕਰ ਸਕਦੇ ਹਨ। ਇਹ ਮਾਧਿਅਮ ਹੋ ਸਕਦੇ ਹਨ - ਸਥਾਨਕ ਭਾਸ਼ਾਈ ਅਖਬਾਰ; ਰੇਡਿਓ; ਮੀਟਿੰਗਾਂ (ਲੋਕਾਂ, ਪੰਚਾਇਤਾਂ, ਸਥਾਨਕ ਸੰਸਥਾਵਾਂ ਤੇ ਹੋਰਨਾਂ ਨਾਲ) ਅਤੇ ਸਬੰਧਤ ਵਿਭਾਗਾਂ ਨੂੰ ਚਿੱਠੀਆਂ ਲਿਖਣਾ।

ਇਹ ਕੰਮ ਹੇਠ ਲਿਖੇ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ:

5.1 ਗ਼ੈਰ ਸਰਕਾਰੀ ਸੰਸਥਾਵਾਂ ਅਤੇ ਜਨ-ਸੰਸਥਾਵਾਂ (ਜਿਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ, ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਜਾਂ ਸਥਾਨਕ ਜਨ-ਸਮੂਹਾਂ ਦੁਆਰਾ ਆਪਣੇ ਪੱਧਰ 'ਤੇ ਜਾਂ ਹੋਰ ਵਾਤਾਵਰਨੀ ਯੋਜਨਾਵਾਂ ਅਧੀਨ ਵਾਤਾਵਰਨ ਅਤੇ ਵਿਕਾਸ ਲਈ ਸਥਾਪਿਤ ਕੀਤੀਆਂ ਗਈਆਂ ਸੰਸਥਾਵਾਂ) ਵੀ ਕੁਝ ਖੇਤਰਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਵਜੋਂ ਘੋਸ਼ਿਤ ਕਰਵਾਉਣ ਲਈ ਤਜਵੀਜ਼ਾਂ ਦੇ ਸਕਦੀਆਂ ਹਨ।

5.2 ਰਾਜ ਜੈਵ-ਵਿਭਿੰਨਤਾ ਬੋਰਡ ਇਨ੍ਹਾਂ ਸੁਝਾਵਾਂ ਨੂੰ ਸੰਚਿਤ ਕਰਨਗੇ ਅਤੇ ਉਨ੍ਹਾਂ ਇਲਾਕਿਆਂ ਦੀ ਇੱਕ ਸੂਚੀ ਤਿਆਰ ਕਰਨਗੇ ਜਿਨ੍ਹਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕੀਤਾ ਜਾ ਸਕਦਾ ਹੋਵੇ। ਜੇਕਰ ਅਜਿਹੀ ਕਿਰਿਆ ਚੱਲ ਵੀ ਰਹੀ ਹੋਵੇ, ਇਕੱਲੇ-ਇਕੱਲੇ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਸਬੰਧੀ ਸੁਝਾਅ ਅਤੇ ਅਰਜ਼ੀਆਂ ਉਦੋਂ ਹੀ ਵਿਚਾਰੇ ਜਾਣਗੇ ਜਦੋਂ ਵੀ ਇਹ ਪੇਸ਼ ਕੀਤੇ ਜਾਣਗੇ।

5.3 ਸਥਾਨਕ ਸੰਸਥਾਵਾਂ, ਗ੍ਰਾਮ ਸਭਾਵਾਂ, ਸ਼ਹਿਰੀ ਵਾਰਡ ਕਮੇਟੀਆਂ ਅਤੇ ਹੋਰ ਸਬੰਧਤ ਸਥਾਨਕ ਸੰਸਥਾਵਾਂ ਵਿਚਕਾਰ ਜਨਤਕ ਚਰਚਾਵਾਂ ਜਿਨ੍ਹਾਂ ਵਿੱਚ ਉਨ੍ਹਾਂ ਦੇ ਇਲਾਕੇ ਵਿੱਚ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕਰਨ ਦੀ ਮਜ਼ਬੂਤ ਤਜਵੀਜ਼ ਅਤੇ ਇਸ ਦੇ ਸੰਭਾਵੀ ਪ੍ਰਭਾਵ ਜਿਵੇਂ ਕਿ ਸ੍ਰੋਤ-ਵਰਤੋਂ ਉਪਰ ਲੱਗ ਸਕਣ ਵਾਲੀਆਂ ਰੋਕਾਂ ਬਾਰੇ ਸਾਫ-ਸਾਫ਼ ਗੱਲ ਹੋਵੇ। ਇਸ ਗੱਲ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇ ਕਿ ਇਨ੍ਹਾਂ ਚਰਚਾਵਾਂ ਵਿੱਚ ਸਮਾਜ ਦੇ ਵਿਭਿੰਨ ਵਰਗਾਂ ਨੂੰ ਸ਼ਾਮਲ ਕੀਤਾ ਜਾਵੇ ਅਤੇ ਉਨ੍ਹਾਂ ਦੇ ਅੰਦਰ ਵੀ ਬਣਦੀ ਲਿੰਗੀ ਅਤੇ ਸਮਾਜਕ ਪ੍ਰਤੀਨਿਧਤਾ ਹੋਵੇ।

5.4 ਜਦੋਂ ਸਬੰਧਤ ਗ੍ਰਾਮ ਸਭਾਵਾਂ ਜਾਂ ਸ਼ਹਿਰੀ ਸਥਾਨਕ ਇਕਾਈਆਂ ਦੀ ਮਨਜ਼ੂਰੀ ਮਿਲ ਜਾਵੇ ਤਾਂ ਰਾਜ ਜੈਵ-ਵਿਭਿੰਨਤਾ ਬੋਰਡ ਨੂੰ ਕੱਚੀ ਨੋਟੀਫਿਕੇਸ਼ਨ ਜਾਰੀ ਕਰ ਦੇਣੀ ਚਾਹੀਦੀ ਹੈ ਜਿਸ ਵਿੱਚ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀਆਂ ਸੀਮਾਵਾਂ ਦਰਸਾਈਆਂ ਜਾਣ; ਇਸ ਕੰਮ ਲਈ ਸਰਵੇਖਣ ਅਤੇ ਨਕਸ਼ਾ ਬਣਾਉਣ ਦੀ ਲੋੜ ਪੈ ਸਕਦੀ ਹੈ; ਇਹ ਵੀ ਦੱਸਿਆ ਜਾਵੇ ਕਿ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਲਈ ਕਿਹੜੀਆਂ-ਕਿਹੜੀਆਂ ਰੋਕਾਂ ਲਗਾਉਣੀਆਂ ਪੈ ਸਕਦੀਆਂ ਹਨ। ਇਹ ਸਥਾਨਕ ਮੀਡੀਆ ਵਿੱਚ ਪ੍ਰਕਾਸ਼ਿਤ ਕਰ ਕੇ ਇੱਛੁਕ ਪਾਰਟੀਆਂ/ਸਬੰਧਤ ਵਿਅਕਤੀਆਂ ਤੋਂ ਸੁਝਾਅ ਅਤੇ ਇਤਰਾਜ਼ ਮੰਗੇ ਜਾਣੇ ਚਾਹੀਦੇ ਹਨ - ਖ਼ਾਸ ਤੌਰ 'ਤੇ ਉਦੋਂ ਜਦੋਂ ਜ਼ਮੀਨ ਦੀ ਮਲਕੀਅਤ ਜਨ-ਸਮੂਹਾਂ ਅਤੇ ਨਿੱਜੀ ਵਿਅਕਤੀਆਂ ਕੋਲ ਹੋਵੇ।

5.5 ਪ੍ਰਾਪਤ ਸੁਝਾਵਾਂ ਅਤੇ ਇਤਰਾਜ਼ਾਂ ਦੇ ਅਧਾਰ 'ਤੇ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ/ਹੋਰ ਢੁਕਵੀਆਂ ਸਥਾਨਕ ਸੰਸਥਾਵਾਂ/ਰਾਜ ਜੈਵ-ਵਿਭਿੰਨਤਾ ਬੋਰਡ ਸਥਾਨਕ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਟੀਮ ਬਣਾ ਸਕਦੇ ਹਨ ਤਾਂ ਜੋ ਜੈਵ-ਵਿਭਿੰਨਤਾ ਵਿਰਾਸਤੀ ਸਥਲ ਬਾਰੇ ਸਹੀ ਸਮਝ ਲੱਗ ਸਕੇ।

ਇਸ ਟੀਮ ਵਿਚ ਹੇਠ ਲਿਖੇ ਮੈਂਬਰ (ਜੋ ਕਿ ਗਿਣਤੀ ਵਿੱਚ 12 ਤੋਂ ਵੱਧ ਨਹੀਂ ਹੋ ਸਕਦੇ) ਹੋਣਗੇ ਜਿਨ੍ਹਾਂ ਵਿਚੋਂ ਇੱਕ ਮੈਂਬਰ (ਜੋ ਕਿ ਟੀਮ ਦਾ ਮੁਖੀ ਹੋਵੇਗਾ) ਪਹਿਲ ਦੇ ਅਧਾਰ 'ਤੇ ਸਥਾਨਕ ਜਨ ਸਮੂਹ(ਾਂ) ਵਿਚੋਂ ਲਿਆ ਜਾਵੇਗਾ:

5.5.1 ਸਬੰਧਤ ਜਨ-ਸਮੂਹਾਂ ਦੇ ਸਾਰੇ ਸਮਾਜਿਕ ਅਤੇ ਆਰਥਿਕ ਵਰਗਾਂ ਦੀ ਨੁਮਾਇੰਦਗੀ ਕਰਦੇ ਗਿਆਨਵਾਨ ਜਾਂ ਤਜਰਬੇਕਾਰ ਪੁਰਸ਼ ਅਤੇ ਔਰਤਾਂ ਜਿਨ੍ਹਾਂ ਦੇ ਨਾਮ ਸਬੰਧਤ ਪੇਂਡੂ/ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਦਿੱਤੇ ਜਾਣਗੇ।

5.5.2 ਵਾਤਾਵਰਨ-ਵਿਗਿਆਨ/ਸਾਂਭ-ਸੰਭਾਲ ਦੇ ਕੰਮ ਕਰਨ ਵਿਚ ਮੁੱਖ ਧਿਆਨ ਦੇਣ ਵਾਲੀ(ਆਂ) ਇੱਕ ਜਾਂ ਵਧੇਰੇ ਗ਼ੈ:ਸ: ਸੰਗਠਨ/ਸੰਸਥਾ(ਵਾਂ) (ਸਣੇ ਸਾਂਭ-ਸੰਭਾਲ ਨਾਲ ਜੁੜੇ ਉਹ ਜੀਵ-ਵਿਗਿਆਨੀ ਜੋ ਕਿ ਉਸ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪੌਦਾ ਅਤੇ ਜੰਤੂ-ਜਗਤ ਤੋਂ ਵਾਕਫ ਹੋਣ)।

5.5.3 ਸਮਾਜਿਕ (ਲਿੰਗ, ਗੁਜ਼ਾਰਾ-ਸਾਧਨ ਆਦਿ) ਮੁੱਦਿਆਂ ਉਪਰ ਕੰਮ ਕਰ ਰਹੇ ਇੱਕ ਜਾਂ ਇੱਕ ਤੋਂ ਵੱਧ ਗ਼ੈ:ਸ: ਸੰਗਠਨ।

5.5.4 ਖੇਤੀਬਾੜੀ ਨਾਲ ਸਬੰਧਿਤ ਮੁੱਦਿਆਂ ਉਪਰ ਕੰਮ ਕਰ ਰਹੇ ਇੱਕ ਜਾਂ ਇੱਕ ਤੋਂ ਵੱਧ ਗ਼ੈ:ਸ: ਸੰਗਠਨ/ਸੰਸਥਾਵਾਂ।

5.5.5 ਕਿਸੇ ਖੇਤੀਬਾੜੀ, ਜੰਗਲਾਤ ਜਾਂ ਹੋਰ ਸਬੰਧਤ ਵਿਭਾਗ ਤੋਂ ਖੋਜ ਵਿਭਾਗ (ਸ਼ਾਖਾ) (ਜਿਥੇ ਅਜਿਹਾ ਕਰਨਾ ਢੁੱਕਵਾਂ ਅਤੇ ਸੰਭਵ ਹੋਵੇ)।

5.5.6 ਰੇਜੀਡੈਂਟ ਕਾਲਜ/ਯੂਨੀਵਰਸਿਟੀ ਦੇ ਪੌਦਾ ਵਿਗਿਆਨ ਅਤੇ ਜੰਤੂ ਵਿਗਿਆਨ ਵਿਭਾਗਾਂ ਦੇ ਨੁਮਾਇੰਦੇ।

5.6 ਉਕਤ ਅਨੁਸਾਰ ਬਣਾਈ ਟੀਮ ਕਿੱਤਾ, ਲਿੰਗ ਜਾਂ ਸਮਾਜਿਕ ਵਰਗ ਦਾ ਧਿਆਨ ਕੀਤੇ ਬਿਨਾਂ ਸਬੰਧਤ ਜਨ-ਸਮੂਹ ਨਾਲ

ਸਲਾਹਮਸ਼ਵਰਾ ਕਰਦਿਆਂ ਇਕ ਅਧਿਐਨ ਕਰੇਗੀ (ਜੋ ਕਿ 3 ਤੋਂ 6 ਮਹੀਨੇ ਤਕ ਚੱਲੇਗਾ)। ਅਜਿਹੇ ਸਲਾਹ-ਮਸ਼ਵਰੇ ਵਿੱਚ ਜੰਗਲਾਂ ਦੇ ਵਸ਼ਿੰਦੇ, ਕਿਸਾਨ, ਤੱਟੀ ਤੇ ਘਾਹ-ਮੈਦਾਨੀ ਖੇਤਰਾਂ ਵਿੱਚ ਰਹਿੰਦੇ ਲੋਕ ਅਤੇ/ਜਾਂ ਹੋਰ ਸਬੰਧਤ ਕਿੱਤਿਆਂ ਨਾਲ ਜੁੜੇ ਹੋਏ ਜਨ-ਸਮੂਹ ਜ਼ਰੂਰੀ ਤੌਰ 'ਤੇ ਸ਼ਾਮਲ ਹੋਣੇ ਚਾਹੀਦੇ ਹਨ। ਜਨ-ਸਮੂਹ ਅਧਾਰਿਤ ਜੈਵ-ਵਿਭਿੰਨਤਾ ਜਨ-ਰਜਿਸਟਰਾਂ/ ਪੀ.ਆਰ.ਏ., ਭਾਗੀਦਾਰੀ ਵਾਲੇ ਨਕਸ਼ੇ ਬਨਾਉਣ ਅਤੇ ਹੋਰ ਸੰਭਵ ਸਾਧਨਾਂ (ਜਿਨ੍ਹਾਂ ਨੂੰ ਸਬੰਧਿਤ ਜਨ-ਸਮੁਦਾਇ ਇਸ ਕੰਮ ਲਈ ਢੁਕਵੇਂ ਸਮਝਣ) ਰਾਹੀਂ ਹੇਠ ਲਿਖੇ ਪਹਿਲੂਆਂ ਉਪਰ ਅਧਿਐਨ ਕਰਨਾ ਬਣਦਾ ਹੈ।

ਸੂਬੇ ਦੇ ਸਾਰੇ ਵਿਭਾਗ ਇਹ ਯਕੀਨੀ ਬਣਾਉਣਗੇ ਕਿ ਉਹ ਲੋੜੀਂਦੀ ਸੂਚਨਾ, ਨਕਸ਼ੇ ਅਤੇ ਹੋਰ ਦਸਤਾਵੇਜ਼ ਮੁਹੱਈਆ ਕਰਵਾ ਕੇ ਸਹਿਯੋਗ ਕਰਨ ਤਾਂ ਜੋ ਇਹ ਕਾਰਜ ਵਧੇਰੇ ਫਲਦਾਈ ਹੋ ਸਕੇ। ਇਸ ਅਧਿਐਨ ਵਿੱਚ ਇਹ ਕੁਝ ਸ਼ਾਮਲ ਹੋਵੇ:

**5.6.1** ਧਰਤ/ਜਲ ਸੋਮਿਆਂ ਸਬੰਧੀ ਮਲਕੀਅਤ/ਅਧਿਕਾਰਾਂ ਦਾ ਇਤਿਹਾਸ – ਸਣੇ ਸਾਂਝੇ ਸੰਪੱਤੀ ਸ੍ਰੋਤ, ਪ੍ਰਸ਼ਾਸਕੀ ਕੰਟਰੋਲ ਅਤੇ ਧਰਤ ਤੇ ਸ੍ਰੋਤ-ਵਰਤੋਂ।

**5.6.2** ਜ਼ਮੀਨ ਦੀ ਮਲਕੀਅਤ ਸਬੰਧੀ ਤਾਜ਼ਾ ਸਥਿਤੀ, ਸਾਂਝੇ ਸੰਪੱਤੀ ਅਧਿਕਾਰਾਂ ਸਬੰਧੀ ਦਿੱਤੇ ਗਏ ਅਧਿਕਾਰਾਂ/ਵਰਤਣ ਦੀ ਆਗਿਆ ਦੇ ਮਾਮਲੇ 'ਚ ਸਮਾਂ-ਅਵਧੀ ਦੀ ਸਥਿਤੀ, ਜ਼ਮੀਨ/ਜੰਗਲਾਂ ਉਪਰ ਕੀਤੇ ਜਾਣ ਵਾਲੇ ਦਾਅਵਿਆਂ ਸਬੰਧੀ ਵਿਵਾਦ (ਜੇਕਰ ਕੋਈ ਹੋਵੇ), ਸ੍ਰੋਤਾਂ ਅਤੇ ਜ਼ਮੀਨ ਦੀ ਵਰਤੋਂ ਦੇ ਤਰੀਕੇ (ਸਣੇ ਜੈਵ-ਵਿਭਿੰਨਤਾ ਅਧਾਰਤ ਰੋਟੀ-ਰੋਜ਼ੀ ਦੇ ਸਾਧਨ), ਕਾਨੂੰਨੀ ਅਤੇ ਪ੍ਰਸ਼ਾਸਕੀ ਕੰਟਰੋਲ, ਅਧਿਕਾਰ ਅਤੇ ਜ਼ਿੰਮੇਵਾਰੀਆਂ।

**5.6.3** ਜਨ-ਸਮੁਦਾਇ ਦਾ ਰਚਨਾਤਮਕ ਢਾਂਚਾ, ਸੁਭਾਅ, ਸ੍ਰੋਤਾਂ ਉਪਰ ਨਿਰਭਰਤਾ (ਸਮਾਜਿਕ, ਆਰਥਿਕ ਅਤੇ ਲਿੰਗ-ਅਧਾਰਤ), ਸਮਾਜਿਕ, ਆਰਥਿਕ ਅਤੇ ਜਨ-ਅੰਕੜਿਆਂ ਸਬੰਧੀ ਵਿਸ਼ੇਸ਼ਤਾਵਾਂ।

**5.6.4** ਕੁਦਰਤੀ ਸ੍ਰੋਤਾਂ ਸਬੰਧੀ ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ਤੱਕ ਕਮਜ਼ੋਰ ਵਰਗਾਂ (ਸਣੇ ਔਰਤਾਂ) ਦੀ ਪਹੁੰਚ ਸਬੰਧੀ ਮੌਜੂਦਾ ਸੰਸਥਾਵਾਂ, ਉਨ੍ਹਾਂ ਦੇ ਗੁਣ ਅਤੇ ਨੇਮ ਤੇ ਨਿਯਮ।

**5.6.5** ਉਸ ਖੇਤਰ ਦੀਆਂ ਵਾਤਾਵਰਨ ਸਬੰਧੀ ਵਿਸ਼ੇਸ਼ਤਾਵਾਂ, ਨਾਜ਼ੁਕ ਜੰਗਲੀ ਜੀਵਨ ਤੇ ਜਰਾਇਤੀ ਜੈਵ-ਵਿਭਿੰਨਤਾ ਸਬੰਧੀ ਕਦਰਾਂ-ਕੀਮਤਾਂ ਅਤੇ ਜੈਵ-ਵਿਭਿੰਨਤਾ ਨੂੰ ਦਰਪੇਸ਼ ਚੁਣੌਤੀਆਂ ਅਤੇ ਦਬਾਅ (ਜੇਕਰ ਹਨ ਤਾਂ)।

**5.6.6** ਜੰਗਲੀ ਜਾਨਵਰਾਂ ਲਈ ਲਾਂਘੇ ਜਾਂ ਆਸਰਾ-ਸਥਲ ਵਜੋਂ ਉਸ ਸਥਾਨ ਦੀ ਵਰਤੋਂ ਜਾਂ ਜੰਗਲੀ ਜੀਵਨ ਲਈ ਕੋਈ ਵੀ ਹੋਰ ਤਰ੍ਹਾਂ ਦੀ ਵਰਤੋਂ।

**5.6.7** ਜਨ-ਸਮੁਦਾਇ ਦੀਆਂ ਅਜਿਹੀਆਂ ਸੱਭਿਆਚਾਰਕ (ਸਣੇ ਜਰਾਇਤੀ) ਗਤੀਵਿਧੀਆਂ ਜਿਨ੍ਹਾਂ ਦਾ ਜੈਵ-ਵਿਭਿੰਨਤਾ 'ਤੇ ਕੋਈ ਅਸਰ ਪੈਂਦਾ ਹੋਵੇ (ਅਸਰ ਭਾਵੇਂ ਸਕਾਰਾਤਮਕ ਹੋਵੇ ਤੇ ਭਾਵੇਂ ਨਕਾਰਾਤਮਕ)।

**5.6.8** ਰੋਜ਼ਗਾਰ ਉਤਪੱਤੀ ਦੀ ਗੁੰਜਾਇਸ਼ (ਸਣੇ ਖੇਤੀ ਸ੍ਰੋਤਾਂ ਦੀ ਵਰਤੋਂ, ਜਨ-ਸਮੁਦਾਇ ਅਧਾਰਤ ਵਾਤਾਵਰਨੀ ਸੈਰ-ਸਪਾਟਾ)।

**5.6.9** ਲੋਕਾਂ ਅਤੇ ਜੈਵ-ਵਿਭਿੰਨਤਾ ਉਪਰ ਰੋਕਾਂ (ਜੇਕਰ ਹੋਣ ਤਾਂ) ਦੇ ਪ੍ਰਭਾਵ।

**5.7** ਇਸ ਤਰ੍ਹਾਂ ਅਧਿਐਨ ਕਰਨ ਤੋਂ ਬਾਅਦ ਤਿਆਰ ਹੋਈ ਰਿਪੋਰਟ, ਉਸ ਟੀਮ ਦੁਆਰਾ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਨੂੰ ਸੌਂਪਣੀ ਚਾਹੀਦੀ ਹੈ। ਜੇਕਰ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਹੋਂਦ ਵਿਚ ਨਾ ਆਈ ਹੋਵੇ ਤਾਂ ਸਥਾਨਕ ਇਕਾਈਆਂ ਨਾਲ ਜੁੜੀਆਂ ਹੋਈਆਂ ਢੁਕਵੀਆਂ ਸਥਾਨਕ ਸੰਸਥਾਵਾਂ ਨੂੰ ਇਹ ਰਿਪੋਰਟ ਸੌਂਪੀ ਜਾਣੀ ਚਾਹੀਦੀ ਹੈ। ਪ੍ਰਾਪਤ ਕਰਤਾ ਸੰਸਥਾਵਾਂ ਇਸ ਰਿਪੋਰਟ ਨੂੰ ਰਾਜ ਜੈਵ-ਵਿਭਿੰਨਤਾ ਬੋਰਡ ਨੂੰ ਸੌਂਪਣ ਤੋਂ ਪਹਿਲਾਂ ਟੀਮ ਦੀਆਂ ਸਿਫਾਰਸ਼ਾਂ ਨੂੰ (ਸਥਾਨਕ ਭਾਸ਼ਾਵਾਂ ਵਿਚ) ਪ੍ਰਚਾਰਨ - ਪ੍ਰਸਾਰਨ। ਸਬੰਧਤ ਜਨ-ਸਮੁਦਾਵਾਂ ਵਿਚ ਇਹ ਪ੍ਰਚਾਰ-ਪ੍ਰਸਾਰ ਕਰਨ ਲੱਗਿਆਂ ਇਹ ਵੀ ਪ੍ਰਚਾਰਿਆ ਜਾਵੇ ਕਿ ਉਸ ਸਥਲ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕਰਨ ਦੀ ਤਜਵੀਜ਼ ਹੈ। ਇਹ ਪ੍ਰਚਾਰ-ਪ੍ਰਸਾਰ ਹਰ ਤਰ੍ਹਾਂ ਦੇ ਭਾਗੀਦਾਰਾਂ (ਇਸ ਪ੍ਰਕਿਰਿਆ ਤੋਂ ਪ੍ਰਭਾਵਿਤ ਹੋਣ ਵਾਲੇ ਵਿਅਕਤੀਆਂ) ਤੱਕ ਹੋਵੇ।

**5.8** ਜੈਵ-ਵਿਭਿੰਨਤਾ ਵਿਰਾਸਤੀ ਸਥਲ ਸਬੰਧੀ ਬਣੇ ਸਰਵੇਖਣ-ਦਲ ਜਾਂ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਅਤੇ ਜਾਂ ਫਿਰ ਸਥਾਨਕ ਇਕਾਈਆਂ ਨਾਲ ਜੁੜੀਆਂ ਹੋਈਆਂ ਢੁਕਵੀਆਂ ਸਥਾਨਕ ਸੰਸਥਾਵਾਂ (ਜੇਕਰ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਹੋਂਦ ਵਿੱਚ ਨਹੀਂ ਹੈ) ਦੁਆਰਾ ਸੌਂਪੇ ਗਏ ਦਸਤਾਵੇਜ਼ ਅਤੇ ਸਬੰਧਤ ਜਨ-ਸਮੁਦਾਇ ਦੀ ਪ੍ਰਤੀਕਿਰਿਆ (ਜੇਕਰ ਕੋਈ ਹੈ ਤਾਂ) ਉਪਰ ਰਾਜ ਜੈਵ-ਵਿਭਿੰਨਤਾ ਬੋਰਡਾਂ ਨੂੰ 3 ਮਹੀਨਿਆਂ ਦੇ ਅੰਦਰ-ਅੰਦਰ ਨਜ਼ਰਸਾਨੀ ਕਰ ਲੈਣੀ ਚਾਹੀਦੀ ਹੈ।

**5.9** ਅੰਤਮ ਫੈਸਲਾ (ਤਜਵੀਜ਼ ਉਪਰ) ਰਾਜ ਜੈਵ-ਵਿਭਿੰਨਤਾ ਬੋਰਡਾਂ ਦੁਆਰਾ ਤਜਵੀਜ਼ਤ ਸਥਲ ਉਪਰ ਸੱਦੀ ਗਈ ਹਰ ਤਰ੍ਹਾਂ ਦੇ ਭਾਗੀਦਾਰਾਂ (ਇਸ ਪ੍ਰਕਿਰਿਆ ਤੋਂ ਪ੍ਰਭਾਵਿਤ ਹੋਣ ਵਾਲੇ ਵਿਅਕਤੀਆਂ) ਦੀ ਇਕ ਸਾਂਝੀ ਮੀਟਿੰਗ ਦੌਰਾਨ ਲਿਆ ਜਾਵੇਗਾ।

**5.10** ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕਰਨ ਲਈ ਖਰੜਾ-ਨੋਟੀਫਿਕੇਸ਼ਨ ਅਤੇ ਘੋਸ਼ਣਾ ਰਾਜ ਪੱਧਰ ਉਪਰ ਇਕ ਢੁਕਵੇਂ ਤਰੀਕੇ ਨਾਲ ਤਿਆਰ ਕੀਤੀ ਜਾਵੇ ਜਿਸ ਨੂੰ ਮੀਡੀਆ ਰਾਹੀਂ ਖੂਬ ਪ੍ਰਚਾਰਿਆ-ਪ੍ਰਸਾਰਿਆ ਜਾਵੇ, ਖਾਸ ਤੌਰ 'ਤੇ ਸਥਾਨਕ ਭਾਸ਼ਾ ਵਿੱਚ।

**5.11** ਜੈਵ-ਵਿਭਿੰਨਤਾ ਵਿਰਾਸਤੀ ਸਥਲ ਸਬੰਧੀ ਖਰੜਾ-ਨੋਟੀਫਿਕੇਸ਼ਨ ਹੋਣ ਤੋਂ 30 ਦਿਨ ਬਾਅਦ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਅਤੇ ਜਾਂ ਫਿਰ ਸਥਾਨਕ ਇਕਾਈਆਂ ਨਾਲ ਜੁੜੀਆਂ ਹੋਈਆਂ

ਢੁਕਵੀਆਂ ਸਥਾਨਕ ਸੰਸਥਾਵਾਂ (ਜੇਕਰ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਹੋਂਦ ਵਿੱਚ ਨਹੀਂ ਹੈ) ਸਥਾਨਕ ਇਕਾਈਆਂ ਨਾਲ ਮਿਲ ਕੇ ਜਨਤਕ ਸੁਣਵਾਈ ਆਯੋਜਿਤ ਕਰਨ ਜਿਸ ਵਿੱਚ ਜੈਵ-ਵਿਭਿੰਨਤਾ ਵਿਰਾਸਤੀ ਸਥਲ ਸਬੰਧੀ ਸਾਰੇ ਵੇਰਵੇ ਸਭ ਦੇ ਸਾਹਮਣੇ ਰੱਖੇ ਜਾਣ, ਜਨਤਾ ਦੁਆਰਾ ਕੀਤੀਆਂ ਟਿੱਪਣੀਆਂ ਦਰਜ ਕੀਤੀਆਂ ਜਾਣ ਅਤੇ ਜੇਕਰ ਜਨਤਾ ਨੂੰ ਲੱਗਦਾ ਹੈ ਕਿ ਉਸ ਸਥਲ ਦੇ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਹੋਣ ਨਾਲ ਕੁਝ ਅਣਸੁਖਾਵੇਂ ਨਤੀਜੇ ਸਾਹਮਣੇ ਆਉਣਗੇ ਤਾਂ ਅਜਿਹੇ ਸ਼ੰਕੇ ਦੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣ। ਸਥਾਨਕ ਜਨ-ਸਮੁਦਾਇ ਨੂੰ ਇਸ ਗੱਲ ਪ੍ਰਤੀ ਭਰੋਸੇ ਵਿੱਚ ਲੈਣਾ ਚਾਹੀਦਾ ਹੈ ਕਿ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਹੋਣ ਨਾਲ ਉਨ੍ਹਾਂ ਦੇ ਪਰੰਪਰਾਗਤ ਅਧਿਕਾਰਾਂ ਅਤੇ ਸੁੱਖ-ਸਹੂਲਤਾਂ ਉਪਰ ਕੋਈ ਮਾੜਾ ਅਸਰ ਨਹੀਂ ਪਵੇਗਾ।

5.12 ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਘੋਸ਼ਣਾ ਹੋਣ 'ਤੇ ਰਾਜ ਜੈਵ-ਵਿਭਿੰਨਤਾ ਬੋਰਡ ਸਾਰੇ ਸਬੰਧਤ ਸਰਕਾਰੀ ਵਿਭਾਗਾਂ ਨੂੰ ਲਿਖਤੀ ਤੌਰ 'ਤੇ ਸੂਚਿਤ ਕਰੇਗਾ ਕਿ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਸਥਾਪਨਾ/ਅਧਿਸੂਚਨਾ ਹੋ ਗਈ ਹੈ।

5.13 ਹਾਲਾਂਕਿ ਉਕਤ ਪ੍ਰਕਿਰਿਆ ਸਾਰੀਆਂ ਸਥਿਤੀਆਂ ਵਿੱਚ ਅਪਣਾਈ ਜਾਣੀ ਚਾਹੀਦੀ ਹੈ, ਪਰ ਇਹ ਗੱਲ ਵੀ ਨੋਟ ਕਰਨੀ ਚਾਹੀਦੀ ਹੈ ਕਿ ਕਈ ਸਥਿਤੀਆਂ ਵਿੱਚ ਜਨ-ਸਮੁਦਾਇ ਇਨ੍ਹਾਂ ਨੂੰ ਅਪਨਾਉਣ ਦੀ ਹਾਲਤ ਵਿੱਚ ਨਹੀਂ ਹੋ ਸਕਦੇ ਕਿਉਂਕਿ ਉਸ ਸਥਲ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕਰਨਾ ਇੱਕ ਅਪਾਤਕਾਲੀਨ ਲੋੜ ਹੋ ਸਕਦੀ ਹੈ - ਕਿਸੇ ਖਤਰੇ ਨੂੰ ਟਾਲਣ ਲਈ ਜਾਂ ਕਿਸੇ ਹੋਰ ਕਾਰਨ ਕਰਕੇ। ਕੁਝ ਕੇਸਾਂ ਵਿੱਚ ਤਜਵੀਜ਼ ਅਜਿਹੇ ਜਨ-ਸਮੁਦਾਵਾਂ ਵੱਲੋਂ ਆਈ ਹੋਈ ਹੋ ਸਕਦੀ ਹੈ ਜਿਨ੍ਹਾਂ ਨੇ ਵਿਸ਼ੇਸ਼ ਨਾਮ ਖੱਟਿਆ ਹੋਵੇ।

5.14 ਹਾਲਾਂਕਿ ਉਕਤ ਪ੍ਰਕਿਰਿਆ ਸਾਰੀਆਂ ਸਥਿਤੀਆਂ ਵਿੱਚ ਅਪਣਾਈ ਜਾਣੀ ਚਾਹੀਦੀ ਹੈ ਪਰ ਇਹ ਗੱਲ ਵੀ ਨੋਟ ਕਰਨੀ ਚਾਹੀਦੀ ਹੈ ਕਿ ਕਈ ਸਥਿਤੀਆਂ ਵਿੱਚ ਜਨ-ਸਮੁਦਾਇ ਇਨ੍ਹਾਂ ਨੂੰ ਅਪਨਾਉਣ ਦੀ ਹਾਲਤ ਵਿੱਚ ਨਹੀਂ ਹੋ ਸਕਦੇ ਕਿਉਂਕਿ ਉਸ ਸਥਲ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕਰਨਾ ਇੱਕ ਅਪਾਤਕਾਲੀਨ ਲੋੜ ਹੋ ਸਕਦੀ ਹੈ - ਕਿਸੇ ਖਤਰੇ ਨੂੰ ਟਾਲਣ ਲਈ ਜਾਂ ਕਿਸੇ ਹੋਰ ਕਾਰਨ ਕਰਕੇ। ਕੁਝ ਕੇਸਾਂ ਵਿੱਚ ਤਜਵੀਜ਼ ਅਜਿਹੇ ਜਨ-ਸਮੁਦਾਵਾਂ ਵੱਲੋਂ ਆਈ ਹੋਈ ਹੋ ਸਕਦੀ ਹੈ ਜਿਨ੍ਹਾਂ ਨੇ ਵਾਤਾਵਰਨੀ ਸਾਂਭ-ਸੰਭਾਲ ਵਿੱਚ ਨਾਮ ਖੱਟਿਆ ਹੋਵੇ ਅਤੇ ਅਜਿਹੇ ਜਨ-ਸਮੁਦਾਇ ਨੂੰ ਇਸ ਗੱਲ ਦੀ ਫੌਰੀ ਜ਼ਰੂਰੀ ਲੋੜ ਹੋਵੇ ਕਿ ਜੈਵ-ਵਿਭਿੰਨਤਾ ਵਿਰਾਸਤੀ ਸਥਲ ਘੋਸ਼ਿਤ ਕਰਵਾ ਕੇ ਉਸ ਦੀ ਸਥਿਤੀ ਮਜ਼ਬੂਤ ਹੋ ਸਕੇ। ਅਜਿਹੀਆਂ ਹਾਲਤਾਂ ਵਿੱਚ ਇਨ੍ਹਾਂ ਵਿਸਤ੍ਰਿਤ ਅਧਿਐਨਾਂ ਦੀ ਸ਼ਰਤ (ਨੋਟੀਫਿਕੇਸ਼ਨ ਹੋਣ ਤੱਕ) ਖਤਮ ਕੀਤੀ ਜਾ ਸਕਦੀ ਹੈ ਪਰ ਨੋਟੀਫਿਕੇਸ਼ਨ ਹੋਣ ਤੋਂ ਬਾਅਦ ਅਜਿਹਾ ਕਰਨਾ ਜ਼ਰੂਰੀ ਹੋਵੇਗਾ ਅਤੇ ਤਦ ਤੱਕ ਕਿਸੇ ਨੂੰ ਵੀ ਉਥੋਂ ਵਿਸਥਾਪਿਤ ਨਹੀਂ ਕੀਤਾ ਜਾਵੇਗਾ ਅਤੇ ਨਾ



ਹੀ ਅਜਿਹੀ ਥਾਂ ਦੀ ਕਿਸੇ ਵਸਤੂ ਦੀ ਵਰਤੋਂ ਉਪਰ ਕੋਈ ਰੋਕ ਲਗਾਈ ਜਾਵੇਗੀ - ਜਨ-ਸਮੁਦਾਇ ਨੇ ਜੇਕਰ ਪਹਿਲਾਂ ਹੀ ਕੋਈ ਅਜਿਹੀ ਰੋਕ ਲਗਾਈ ਹੋਈ ਹੈ ਤਾਂ ਉਹੀ ਜਾਰੀ ਰਹੇਗੀ।

## 6 ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਪ੍ਰਬੰਧਣ

6.1 ਜਦੋਂ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਨੋਟੀਫਿਕੇਸ਼ਨ ਹੋ ਜਾਵੇ ਤਾਂ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਜਾਂ ਸਬੰਧਤ ਸਥਾਨਕ ਇਕਾਈ ਦੁਆਰਾ ਨਿਰਧਾਰਿਤ ਕੋਈ ਹੋਰ ਢੁਕਵੀਂ ਸੰਸਥਾ (ਜੇਕਰ ਜੈਵ-ਵਿਭਿੰਨਤਾ ਪ੍ਰਬੰਣ ਕਮੇਟੀ ਹੋਂਦ ਵਿੱਚ ਨਹੀਂ ਹੈ) ਆਪਣੇ ਹੋਰ ਫਰਜ਼ਾਂ ਦੇ ਨਾਲ-ਨਾਲ ਹਰੇਕ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧ ਦੀ ਦੇਖ-ਰੇਖ ਕਰੇਗੀ। ਜਿਥੇ ਕਿਤੇ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਫੈਲਾਅ ਇੱਕ ਤੋਂ ਵੱਧ ਸਥਾਨਕ ਇਕਾਈਆਂ ਵਿੱਚ ਹੋਵੇ ਉਥੇ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਲਈ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਦੁਆਰਾ ਅਤੇ ਜਾਂ ਫਿਰ ਸਥਾਨਕ ਇਕਾਈਆਂ ਨਾਲ ਜੁੜੀਆਂ ਹੋਰ ਸਬੰਧਤ ਸਥਾਨਕ ਸੰਸਥਾਵਾਂ (ਜੇਕਰ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਹੋਂਦ ਵਿੱਚ ਨਾ ਹੋਵੇ) ਦੁਆਰਾ 'ਜੈਵ-ਵਿਭਿੰਨਤਾ ਵਿਰਾਸਤੀ ਸਥਲ ਪ੍ਰਬੰਧਣ ਕਮੇਟੀ' ਬਣਾਈ ਜਾਵੇਗੀ ਜੋ ਕਿ ਅਜਿਹੇ ਪ੍ਰਬੰਧਣ ਲਈ ਜ਼ਿੰਮੇਵਾਰ ਹੋਵੇਗੀ। ਇਹ 'ਜੈਵ-ਵਿਭਿੰਨਤਾ ਵਿਰਾਸਤੀ ਸਥਲ ਪ੍ਰਬੰਧਣ ਕਮੇਟੀ' ਰਾਜ ਜੈਵ-ਵਿਭਿੰਨਤਾ ਬੋਰਡ ਤੋਂ ਪ੍ਰਵਾਨ ਕਰਵਾਈ ਜਾਵੇਗੀ।

6.2 ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਲਈ ਬਣਾਈ ਗਈ ਇਸ ਕਮੇਟੀ ਵਿੱਚ ਸਥਾਨਕ ਜਨ-ਸਮੁਦਾਵਾਂ ਦੇ ਸਾਰੇ ਵਰਗਾਂ ਦੇ ਪ੍ਰਤੀਨਿਧੀ ਸ਼ਾਮਲ ਹੋਣਗੇ - ਖਾਸ ਤੌਰ 'ਤੇ ਉਹ ਜੋ ਕੁਦਰਤੀ ਸ੍ਰੋਤਾਂ ਉਪਰ ਸਭ ਤੋਂ ਵੱਧ ਨਿਰਭਰ ਹੋਣ ਅਤੇ ਉਹ ਵੀ ਜੋ ਪਰੰਪਰਾ ਵਜੋਂ ਉਸ ਖੇਤਰ ਦੀ ਸਾਂਭ-ਸੰਭਾਲ ਕਰ ਰਹੇ ਹੋਣ।

6.3 ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ/ ਜੈਵ-ਵਿਭਿੰਨਤਾ ਵਿਰਾਸਤੀ ਸਥਲ ਪ੍ਰਬੰਧਣ ਕਮੇਟੀ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਜੈਵ-ਵਿਭਿੰਨਤਾ ਵਿਰਾਸਤੀ ਸਥਲ ਲਈ ਇੱਕ ਪ੍ਰਬੰਧਣ ਯੋਜਨਾ ਤਿਆਰ ਅਤੇ ਲਾਗੂ ਕਰੇ। ਇਹ ਯੋਜਨਾ 5-10 ਸਾਲ ਲਈ ਹੋਵੇਗੀ।

6.4 ਇਸ ਉਪਰੰਤ ਰਾਜ ਜੈਵ-ਵਿਭਿੰਨਤਾ ਬੋਰਡ ਇਸ ਅੰਤਮ ਪ੍ਰਬੰਧਣ ਯੋਜਨਾ ਨੂੰ ਮਾਨਤਾ ਦੇਣਗੇ ਅਤੇ ਇਸ ਦਾ ਲਾਗੂ ਹੋਣਾ ਸੌਖਾਲਾ ਬਣਾਉਣਗੇ। ਅਜਿਹਾ ਕਰਨ ਲਈ ਰਾਜ ਜੈਵ-ਵਿਭਿੰਨਤਾ ਬੋਰਡ ਸਾਰੇ ਸਬੰਧਤ ਸਰਕਾਰੀ ਵਿਭਾਗਾਂ ਨੂੰ ਹਦਾਇਤ ਕਰਨਗੇ ਕਿ ਉਹ ਆਪਣੀਆਂ ਯੋਜਨਾਵਾਂ ਅਤੇ ਕਾਰਜਾਂ ਵਿੱਚ ਢੁਕਵੀਆਂ ਤਬਦੀਲੀਆਂ ਕਰਕੇ ਜਨ-ਸਮੁਦਾਵਾਂ ਦੀ ਮੱਦਦ ਕਰਨ ਤਾਂ ਜੋ ਉਹ ਜੈਵ-ਵਿਭਿੰਨਤਾ ਨੂੰ ਖੋਰਾ ਲਾਉਣ ਵਾਲੀਆਂ ਗਤੀਵਿਧੀਆਂ ਨੂੰ ਖਤਮ ਕਰ ਸਕਣ; ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ ਵਿੱਚ ਜਨ-ਸਮੁਦਾਇ ਪੂਰੀ ਤਰ੍ਹਾਂ ਯੋਗ ਅਤੇ ਸਸ਼ਕਤ ਹੋ ਸਕਣ। ਇਸ ਕੰਮ ਲਈ ਅਜਿਹੇ ਵਿਭਾਗਾਂ ਅਤੇ ਗੈ:ਸ: ਸੰਗਠਨਾਂ

ਲਈ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਜਾ ਸਕਦੇ ਹਨ।

6.5 ਜੈਵ-ਵਿਭਿੰਨਤਾ ਬੋਰਡ ਅਤੇ ਸਬੰਧਤ ਸਰਕਾਰੀ ਵਿਭਾਗ ਉਸ ਖੇਤਰ ਵਿਚੋਂ ਖਤਮ ਜਾਂ ਖਰਾਬ ਹੋ ਚੁਕੇ ਪਰਿਸਥਿਤਿਕ ਪ੍ਰਬੰਧਾਂ ਅਤੇ ਪ੍ਰਜਾਤੀਆਂ ਦੀ ਮੁੜ ਸੁਰਜੀਤੀ ਵਿੱਚ ਵੀ ਬਣਦਾ ਯੋਗਦਾਨ ਪਾਉਣਗੇ ਅਤੇ ਇਸ ਕੰਮ ਲਈ ਖਤਰੇ ਹੇਠ ਆਈਆਂ/ਸਥਾਨਕ ਤੌਰ 'ਤੇ ਲੁਪਤ ਹੋਈਆਂ ਜੰਗਲੀ ਪ੍ਰਜਾਤੀਆਂ ਨੂੰ ਬਾਹਰੋਂ ਲਿਆ ਕੇ ਮੁੜ ਉਸ ਖੇਤਰ ਵਿੱਚ ਸਥਾਪਤ ਕਰਨਗੇ - ਜਿਥੇ ਕਿਤੇ ਵੀ ਅਜਿਹਾ ਕਰਨਾ ਠੀਕ ਹੋਵੇ। ਖਤਮ ਹੋ ਚੁੱਕੀ/ਘਟ ਹੋ ਚੁੱਕੀ ਪਾਲਤੂ ਜੈਵ-ਵਿਭਿੰਨਤਾ ਦੇ ਮਾਮਲੇ ਵਿੱਚ ਵੀ ਅਜਿਹਾ ਹੀ ਕੀਤਾ ਜਾਵੇਗਾ।

6.6 ਸਾਂਭ-ਸੰਭਾਲ ਦੀਆਂ ਮੌਜੂਦਾ ਗਤੀਵਿਧੀਆਂ, ਜੋ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਉਦੇਸ਼ਾਂ ਦੀ ਪੂਰਤੀ ਵਿੱਚ ਸਹਾਈ ਹੋ ਰਹੀਆਂ ਹੋਣ, ਨੂੰ ਦਰਜ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਪ੍ਰਬੰਧਨ ਯੋਜਨਾ ਵਿੱਚ ਵਿਚਾਰਿਆ ਜਾਵੇਗਾ।

6.7 ਸਰਕਾਰ ਜਾਂ ਹੋਰ ਕਿਸੇ ਵੀ ਏਜੰਸੀ ਦੁਆਰਾ ਲਾਗੂ ਕੀਤੀ ਜਾਣ ਵਾਲੀ ਕੋਈ ਕਾਰਜ ਯੋਜਨਾ/ਗਤੀਵਿਧੀ, ਜਿਸਦਾ ਜੈਵ-ਵਿਭਿੰਨਤਾ ਵਿਰਾਸਤੀ ਸਥਲ ਉਪਰ ਮਾੜਾ ਅਸਰ ਪੈ ਸਕਦਾ ਹੋਵੇ, ਤੋਂ ਬਚਿਆ ਜਾਵੇਗਾ।

6.8 ਤਜਵੀਜ਼ਤ ਜੈਵ-ਵਿਭਿੰਨਤਾ ਵਿਰਾਸਤੀ ਸਥਲ ਤੋਂ ਮਿਲਣ ਵਾਲੇ ਸ੍ਰੋਤਾਂ ਦੀ ਮੌਜੂਦਾ ਤੌਰ 'ਤੇ ਹੋ ਰਹੀ ਵਰਤੋਂ ਦੇ ਮਾਮਲੇ ਵਿੱਚ ਆਮ ਤੌਰ 'ਤੇ ਕੋਈ ਰੋਕ ਨਹੀਂ ਲਾਈ ਜਾਵੇਗੀ।

6.9 ਸ੍ਰੋਤਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਦੇ ਰੂਪ ਵਿੱਚ ਕੁਝ ਹਾਲਤਾਂ ਵਿੱਚ ਰੋਕ ਲਾਉਣ ਦੀ ਲੋੜ ਤਾਂ ਹੋ ਸਕਦੀ ਹੈ ਪਰੰਤੂ ਅਜਿਹੀ ਕੋਈ ਵੀ ਰੋਕ ਜਨ-ਸਮੁਦਾਇ ਵੱਲੋਂ ਖੁਦ ਲਗਾਈ ਜਾਵੇਗੀ ਅਤੇ ਕਿਸੇ ਵੀ ਤਰ੍ਹਾਂ ਨਾਲ ਉਨ੍ਹਾਂ ਉਪਰ ਥੋਪੀ ਨਹੀਂ ਜਾਵੇਗੀ।

6.10 ਜੇਕਰ ਸਰਕਾਰੀ ਜੰਗਲਾਤ ਖੇਤਰਾਂ ਅਤੇ ਹੋਰ ਸਰਕਾਰੀ ਮਲਕੀਅਤ ਵਾਲੇ ਖੇਤਰਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਨੋਟੀਫਾਈ ਕੀਤਾ ਜਾਂਦਾ ਹੈ ਤਾਂ ਅਜਿਹੇ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੇ ਪ੍ਰਬੰਧਕੀ ਢਾਂਚੇ ਅਤੇ ਸ੍ਰੋਤ-ਵਰਤੋਂ ਬਾਰੇ ਫੈਸਲਾ ਰਾਜ ਸਰਕਾਰ ਦੇ ਸਬੰਧਤ ਵਿਭਾਗਾਂ ਵੱਲੋਂ ਲਿਆ ਜਾਵੇਗਾ।

**7. ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਦੀ ਯੋਜਨਾ ਦੇ ਹਿੱਸੇ।**

7.1 ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਇਕ ਨਕਸ਼ਾ ਜਿਸ ਵਿਚ ਨੋਟੀਫਿਕੇਸ਼ਨ ਅਨੁਸਾਰ ਸੀਮਾਵਾਂ ਸਪਸ਼ਟ ਦਰਸਾਈਆਂ ਹੋਣ।

7.2 ਮਲਕੀਅਤ ਦੀ ਸਥਿਤੀ।

7.3 ਭੋਂ-ਵਰਤੋਂ ਦਾ ਮੌਜੂਦਾ ਰੁਝਾਨ, ਸਾਂਭ-ਸੰਭਾਲ ਨਾਲ ਸਬੰਧਤ ਗਤੀਵਿਧੀਆਂ ਤੇ ਧਾਰਮਿਕ ਵਿਸ਼ਵਾਸ, ਅਤੇ ਸਥਾਨਕ ਜਨ-ਸਮੁਦਾਵਾਂ ਦੀ ਨਿਰਭਰਤਾ।



7.4 ਉਸ ਇਲਾਕੇ ਵਿੱਚ ਪ੍ਰਮੁੱਖ ਜੈਵ-ਵਿਭਿੰਨਤਾ ਅਤੇ ਕੀ ਇਹ ਉਸ ਖੇਤਰ ਵਿਸ਼ੇਸ਼ ਤਕ ਸੀਮਿਤ ਹੈ, ਖਤਰੇ ਅਧੀਨ ਆਉਣ ਵਾਲੀ ਹੈ, ਖ਼ਤਰੇ ਹੇਠ ਹੈ ਜਾਂ ਅਜਿਹੀ ਹੈ ਜਿਸ ਨੂੰ ਖ਼ਤਰਾ ਹੋ ਸਕਦਾ ਹੈ।

7.5 ਭਾਵੇਂ ਕਿ ਇਹ ਜਲ-ਮੁਰਗਿਆਂ ਦਾ ਸਰਦੀ ਰੁੱਤ ਦਾ ਆਸਰਾ-ਸਥਲ ਹੈ, ਜਲ-ਪੰਛੀਆਂ ਦਾ ਪ੍ਰਜਣਨ ਸਥਲ ਹੈ ਜਾਂ ਕਿਸੇ ਵੀ ਤਰ੍ਹਾਂ ਦੇ ਜੰਗਲੀ ਜਾਨਵਰਾਂ ਲਈ ਲਾਂਘਾ ਹੈ।

7.6 ਸਥਾਨਕ ਲੋਕਾਂ ਦੁਆਰਾ ਵਰਤੇ ਜਾ ਰਹੇ ਸ੍ਰੋਤਾਂ ਦੀ ਕਿਸਮ ਤੇ ਮਾਤਰਾ ਅਤੇ ਘਰੇਲੂ ਅਰਥਚਾਰੇ 'ਚ ਉਨ੍ਹਾਂ ਦੀ ਭੂਮਿਕਾ ਅਤੇ (ਜੇਕਰ ਉਹ ਵੇਚੇ ਜਾਂਦੇ ਹੋਣ ਤਾਂ) ਉਨ੍ਹਾਂ ਤੋਂ ਹੋਣ ਵਾਲੀ ਔਸਤ ਆਮਦਨ।

7.7 ਪਿਛਲੇ 10 ਸਾਲਾਂ ਦੌਰਾਨ ਵਰਤੋਂ-ਰੁਝਾਣ ਵਿੱਚ ਆਈ ਕੋਈ ਤਬਦੀਲੀ। ਜੇਕਰ ਕੋਈ ਤਬਦੀਲੀ ਆਈ ਹੈ ਤਾਂ ਉਸ ਦੇ ਕਾਰਨ।

7.8 ਉਸ ਖੇਤਰ ਵਿਚਲੇ ਪੌਦਾ-ਜਗਤ, ਜੰਤੂ-ਜਗਤ ਅਤੇ ਕੁਦਰਤੀ ਸੋਮਿਆਂ ਸਬੰਧੀ ਪ੍ਰਵਾਨਿਤ ਅੰਕੜੇ।

7.9 ਜੇਕਰ ਉਸ ਖੇਤਰ ਵਿੱਚ ਕਿਸੇ ਵੀ ਸਰਕਾਰੀ ਜਾਂ ਅੰਤਰਰਾਸ਼ਟਰੀ ਯੋਜਨਾ ਅਧੀਨ ਕੋਈ ਪ੍ਰਾਜੈਕਟ (ਕਾਰਜ ਯੋਜਨਾ) ਜਾਰੀ ਹੈ ਤਾਂ ਉਸ (ਉਨ੍ਹਾਂ) ਦੇ ਵੇਰਵੇ।

7.10 ਜੈਵ-ਵਿਭਿੰਨਤਾ ਦੀ ਬਿਹਤਰ ਸਾਂਭ-ਸੰਭਾਲ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਦੁਆਰਾ ਰੋਜ਼ਗਾਰ-ਸਾਧਨਾਂ ਵਿੱਚ ਸੁਧਾਰ ਕਰਨ ਲਈ ਸਥਾਨਕ ਜਨ-ਸਮੁਦਾਵਾਂ ਦੇ ਸੁਝਾਅ (ਜੇਕਰ ਹੋਣ ਤਾਂ)।

7.11 ਜੈਵ-ਵਿਭਿੰਨਤਾ ਵਿਰਾਸਤੀ ਸਥਲ ਨੂੰ ਦਰਪੇਸ਼ ਮੌਜੂਦਾ ਅਤੇ ਸੰਭਾਵੀ ਖ਼ਤਰੇ (ਜੇਕਰ ਹੋਣ ਤਾਂ)।

7.12 ਸਾਧਨਾਂ ਵਿੱਚ ਸੁਧਾਰ ਕਰਨ ਲਈ ਰੁਜ਼ਗਾਰ-ਸਥਾਨਕ ਜਨ-ਸਮੁਦਾਵਾਂ ਦੇ ਜੈਵ-ਸ੍ਰੋਤਾਂ ਦੀ ਸਾਂਭ-ਸੰਭਾਲ ਅਤੇ ਟਿਕਾਊ ਵਰਤੋਂ ਸਬੰਧੀ ਵੱਖ-ਵੱਖ ਸੁਝਾਅ (ਪ੍ਰਬੰਧਣ ਸਬੰਧੀ)।

7.13 ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਸਥਾਪਨਾ ਨਾਲ ਨਿੱਕਲ ਸਕਣ ਵਾਲੇ ਨਤੀਜਿਆਂ ਸਬੰਧੀ ਅਨੁਮਾਨ - ਸਣੇ ਵਾਤਾਵਰਨੀ ਅਤੇ ਸਮਾਜਿਕ/ਆਰਥਿਕ (ਜਿਥੇ ਕਿਤੇ ਹੋਣ ਵਾਲੀ ਆਮਦਨ ਦੇ ਢੁਕਵੇਂ ਅਨੁਮਾਨ ਉਪਲਬਧ ਹੋਣ)।

7.14 ਯੋਜਨਾ ਦੇ ਹਰੇਕ ਅੰਸ਼ ਦੇ ਪੂਰਾ ਹੋਣ ਲਈ ਅਨੁਮਾਨਿਤ ਸਮਾਂ-ਅਵਧੀ ਅਤੇ ਹਰੇਕ ਅੰਸ਼ ਦੀ ਸਫਲਤਾ ਦੇ ਆਂਕਲਣ ਲਈ ਮੋਟੇ ਤੌਰ 'ਤੇ ਵਰਤੇ ਜਾਣ ਵਾਲੇ ਸੂਚਕ।

7.15 ਪ੍ਰਬੰਧਣ-ਯੋਜਨਾਬੰਦੀ ਦੀ ਉਕਤ ਪ੍ਰਕਿਰਿਆ ਅਜਿਹੀ ਨਹੀਂ ਹੋਣੀ ਚਾਹੀਦੀ ਜੋ ਸਥਾਨਕ ਲੋਕਾਂ ਦੁਆਰਾ ਸ੍ਰੋਤਾਂ ਦੀ ਕੀਤੀ ਜਾ ਰਹੀ ਸਾਂਭ-ਸੰਭਾਲ ਅਤੇ ਪ੍ਰਬੰਧਣ ਵਿੱਚ ਅੜਚਣ ਬਣੇ। ਜੇਕਰ ਸਥਾਨਕ ਲੋਕ ਕੁਦਰਤੀ ਸ੍ਰੋਤਾਂ ਦੀ ਸਾਂਭ-ਸੰਭਾਲ ਅਤੇ ਟਿਕਾਊ ਪ੍ਰਬੰਧਣ ਕਰ ਰਹੇ ਹਨ ਅਤੇ ਇਨ੍ਹਾਂ ਕੋਸ਼ਿਸ਼ਾਂ ਨੂੰ ਜਾਰੀ ਰੱਖਣ ਦੀ (ਉਨ੍ਹਾਂ ਲੋਕਾਂ ਵਿਚ) ਬਣਦੀ ਸਮਰਥਾ ਹੈ ਤਾਂ ਇਹ ਜ਼ਰੂਰੀ ਨਹੀਂ ਹੈ ਕਿ

ਪ੍ਰਬੰਧਣ-ਯੋਜਨਾ ਬਣਾਈ ਹੀ ਜਾਵੇ। ਐਨਾ ਹੀ ਨਹੀਂ, ਹੋ ਸਕਦਾ ਹੈ ਕਿ ਕਈ ਹਾਲਤਾਂ ਵਿੱਚ ਸਥਾਨਕ ਜਨ-ਸਮੁਦਾਇ ਤੁਰੰਤ ਜਾਂ ਤੇਜ਼ੀ ਨਾਲ ਅਜਿਹੀ ਕੋਈ ਯੋਜਨਾ ਨਾ ਬਣਾ ਸਕਣ। ਇਹ ਤੱਥ ਇਸ ਗੱਲ ਦਾ ਕਾਰਨ ਨਹੀਂ ਬਣਨਾ ਚਾਹੀਦਾ ਕਿ ਉਸ ਸਥਲ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਤੌਰ 'ਤੇ ਸਵਿਕਾਰ ਨਾ ਕੀਤਾ ਜਾਵੇ।

7.16 ਪ੍ਰਬੰਧਣ ਯੋਜਨਾ ਦੀ ਪ੍ਰਾਪਤੀ ਉਪਰੰਤ ਇਸ ਦੇ ਮੁਲਾਂਕਣ ਲਈ ਰਾਜ ਜੈਵ-ਵਿਭਿੰਨਤਾ ਬੋਰਡ ਇੱਕ ਮਾਹਿਰ-ਕਮੇਟੀ ਦਾ ਗਠਨ ਕਰੇਗਾ, ਜੈਵ-ਵਿਭਿੰਨਤਾ ਵਿਰਾਸਤੀ ਸਥਲ ਨੂੰ ਮੌਕੇ 'ਤੇ ਜਾ ਦੇਖੇਗਾ (ਜੇਕਰ ਜ਼ਰੂਰੀ ਹੋਵੇ ਤਾਂ) ਅਤੇ ਸਥਾਨਕ ਜਨ-ਸਮੂਹਾਂ ਤੇ ਸਥਾਨਕ ਇਕਾਈਆਂ ਨਾਲ ਰਾਇ-ਮਸ਼ਵਰਾ ਕਰੇਗਾ ਅਤੇ ਪ੍ਰਬੰਧ-ਯੋਜਨਾ ਸਬੰਧੀ ਉਨ੍ਹਾਂ ਤੋਂ ਮਨਜ਼ੂਰੀ ਲਵੇਗਾ। ਇਹ ਪ੍ਰਬੰਧ-ਯੋਜਨਾ ਜ਼ਿਲ੍ਹਾ ਪੱਧਰੀ ਯੋਜਨਾਬੰਦੀ ਵਿੱਚ ਵੀ ਸਮੋਈ ਜਾ ਸਕਦੀ ਹੈ ਤਾਂ ਜੋ ਇਸ ਨੂੰ ਲਾਗੂ ਕਰਨਾ ਸੌਖਾਲਾ ਰਹੇ ਢੁਕਵੀਆਂ ਸਰਕਾਰੀ ਏਜੰਸੀਆਂ ਤੋਂ ਇਸ ਨੂੰ ਫੰਡ ਮਿਲ ਸਕਣ।

7.17 ਸਵਿਕ੍ਰਿਤ ਯੋਜਨਾ ਮਿਲਣ ਉਪਰੰਤ ਰਾਜ ਜੈਵ-ਵਿਭਿੰਨਤਾ ਬੋਰਡ ਉਸ ਨੂੰ ਸਵਿਕਾਰ ਕਰ ਸਕਦੇ ਹਨ

7.18 ਰਾਜ ਜੈਵ-ਵਿਭਿੰਨਤਾ ਬੋਰਡ ਦੁਆਰਾ ਬਣਾਈ ਗਈ ਮਾਹਿਰ-ਕਮੇਟੀ ਦੁਆਰਾ ਸਮੇਂ-ਸਮੇਂ 'ਤੇ ਪ੍ਰਬੰਧਣ ਯੋਜਨਾ' ਤੇ ਨਜ਼ਰਸਾਨੀ ਕੀਤੀ ਜਾਵੇ ਅਤੇ ਲੋੜ ਅਨੁਸਾਰ ਉਸ ਵਿੱਚ ਤਬਦਲੀ ਕੀਤੀ ਜਾਵੇ। ਇਸ ਕੰਮ ਲਈ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਜਾਂ ਸਬੰਧਤ ਸਥਾਨਕ ਇਕਾਈ ਦੁਆਰਾ ਨਿਰਧਾਰਿਤ ਕੋਈ ਹੋਰ ਢੁਕਵੀਂ ਸੰਸਥਾ (ਜੇਕਰ ਜੈਵ-ਵਿਭਿੰਨਤਾ ਪ੍ਰਬੰਣ ਕਮੇਟੀ ਹੋਂਦ ਵਿੱਚ ਨਹੀਂ ਹੈ) ਦੀਆਂ ਸਿਫਾਰਸ਼ਾਂ ਨੂੰ ਅਧਾਰ ਬਣਾਇਆ ਜਾਵੇਗਾ। ਅਜਿਹੀ ਤਬਦੀਲੀ ਰਾਜ ਜੈਵ-ਵਿਭਿੰਨਤਾ ਬੋਰਡ ਦੁਆਰਾ ਮਨਜ਼ੂਰ ਕੀਤੀ ਜਾਵੇਗੀ। ਅਜਿਹੀਆਂ ਤਬਦੀਲੀਆਂ ਨੂੰ ਲਾਗੂ ਕਰਨ ਤੋਂ ਪਹਿਲਾਂ ਪ੍ਰਭਾਵਿਤ ਹੋਣ ਵਾਲੇ ਸਾਰੇ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

## 8. ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਨਿਰੀਖਣ

8.1 ਰਾਜ ਜੈਵ-ਵਿਭਿੰਨਤਾ ਬੋਰਡ ਇੱਕ ਰਾਜ ਪੱਧਰੀ ਨਿਰੀਖਣ ਕਮੇਟੀ ਬਣਾ ਸਕਦੇ ਹਨ।

8.2 ਰਾਜ ਪੱਧਰੀ ਨਿਰੀਖਣ ਕਮੇਟੀ ਵਿੱਚ ਬਾਰ੍ਹਾਂ ਮੈਂਬਰ ਹੋਣਗੇ ਜੋ ਕਿ ਅਜਿਹੇ ਗਿਆਨਵਾਨ ਵਿਅਕਤੀ ਹੋਣਗੇ ਜਿਨ੍ਹਾਂ ਨੂੰ ਜੰਗਲੀ ਅਤੇ ਪਾਲਤੂ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ ਅਤੇ ਸਬੰਧਤ ਸਮਾਜਿਕ-ਆਰਥਿਕ ਮੁੱਦਿਆਂ ਸਬੰਧੀ ਜਾਣਕਾਰੀ ਹੋਵੇ। ਇਹਨਾਂ ਵਿਚ ਹੋਣਗੇ:

8.2.1 ਰਾਜ ਜੈਵ-ਵਿਭਿੰਨਤਾ ਬੋਰਡ ਦਾ ਚੇਅਰਮੈਨ

8.2.2 ਰਾਜ ਜੈਵ-ਵਿਭਿੰਨਤਾ ਬੋਰਡ ਦਾ ਮੈਂਬਰ ਸਕੱਤਰ

8.2.3 ਸਥਾਨਕ ਲੋਕਾਂ ਦਾ ਇੱਕ ਪ੍ਰਤੀਨਿਧੀ

8.2.4 ਜੰਗਲਾਤ/ਜੰਗਲੀ ਜੀਵਨ/ਚਰਾਇਤੀ ਜੈਵ-ਵਿਭਿੰਨਤਾ/ਜਲੀ ਜੀਵਨ ਪ੍ਰਬੰਧਣ ਜਾਂ ਸਬੰਧਤ ਜੈਵ-ਵਿਭਿੰਨਤਾ ਵਿਰਾਸਤੀ ਸਥਲ ਲਈ ਢੁਕਵੇਂ ਖੇਤਰ ਵਿੱਚ ਤਜ਼ਰਬਾ ਅਤੇ ਗਿਆਨ ਰੱਖਣ ਵਾਲਾ ਇੱਕ ਮਾਹਿਰ।

8.2.5 ਸਬੰਧਤ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ/ਜੈਵ-ਵਿਭਿੰਨਤਾ ਵਿਰਾਸਤੀ ਸਥਲ ਕਮੇਟੀ ਦਾ ਜਾਂ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਜਾਂ ਸਬੰਧਤ ਸਥਾਨਕ ਇਕਾਈ ਦੁਆਰਾ ਨਿਰਧਾਰਿਤ ਕੋਈ ਹੋਰ ਢੁਕਵੀਂ ਸੰਸਥਾ (ਜੇਕਰ ਜੈਵ-ਵਿਭਿੰਨਤਾ ਪ੍ਰਬੰਣ ਕਮੇਟੀ ਹੋਂਦ ਵਿੱਚ ਨਹੀਂ ਹੈ) ਇੱਕ ਮੈਂਬਰ।

8.2.6 ਸਬੰਧਤ ਸਥਾਨਕ ਸਰਕਾਰ/ਪੰਚਾਇਤ ਦਾ ਇੱਕ ਨੁਮਾਇੰਦਾ

8.2.7 ਮਾਲ ਵਿਭਾਗ ਤੋਂ ਇੱਕ ਨੁਮਾਇੰਦਾ

8.3 ਰਾਜ ਪੱਧਰੀ ਨਿਰੀਖਣ ਕਮੇਟੀ ਇਸ ਪ੍ਰਬੰਧਣ-ਯੋਜਨਾ ਦੇ ਲਾਗੂ ਹੋਣ ਦੇ ਕੰਮ ਦਾ ਨਿਰੀਖਣ ਸਮੇਂ-ਸਮੇਂ 'ਤੇ ਕਰੇਗੀ ਅਤੇ ਰਾਜ ਜੈਵ-ਵਿਭਿੰਨਤਾ ਬੋਰਡ ਨੂੰ ਇੱਕ ਰਿਪੋਰਟ ਸੌਂਪੇਗੀ ਜਿਸ ਵਿਚ ਇਹ ਗੱਲ ਸਾਫ ਤੌਰ 'ਤੇ ਦੱਸੀ ਜਾਵੇਗੀ ਕਿ ਪ੍ਰਬੰਧਣ-ਯੋਜਨਾ ਦੇ ਹਰੇਕ ਅੰਸ਼ ਅਧੀਨ ਹੋਣ ਵਾਲੀ ਪ੍ਰਾਪਤੀ (ਗੁਣਾਤਮਕ ਅਤੇ ਗਿਣਾਤਮਕ ਪੱਖੋਂ) ਕਿੰਨੀ ਕੁ ਹੈ। ਸੁਧਾਰ ਲਈ ਸਿਫਾਰਸ਼ਾਂ ਵੀ ਕੀਤੀਆਂ ਜਾਣਗੀਆਂ।

8.4 ਨਿਰੀਖਣ ਕਮੇਟੀ ਦਾ ਕਾਰਜ ਕਾਲ ਤਿੰਨ ਸਾਲ ਹੋਵੇਗਾ।

## 9. ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਵਿੱਚ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਅਤੇ ਰਾਜ ਜੈਵ-ਵਿਭਿੰਨਤਾ ਬੋਰਡਾਂ ਦੀ ਭੂਮਿਕਾ

9.1 ਰਾਜ ਜੈਵ-ਵਿਭਿੰਨਤਾ ਬੋਰਡ ਪ੍ਰਚਲਿਤ ਮੀਡੀਆ, ਕਾਰਜਸ਼ਾਲਾਵਾਂ, ਬਰੋਸ਼ਰਾਂ ਆਦਿ ਦੁਆਰਾ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਬਾਰੇ ਲੋਕਾਂ ਨੂੰ ਸੰਦੇਸ਼ ਦੇਣਗੇ ਤਾਂ ਜੋ ਲੋਕ ਉਨ੍ਹਾਂ ਦੀ ਮਹੱਤਤਾ ਅਤੇ ਰੁਤਬੇ ਨੂੰ ਸਮਝਣ ਲੱਗ ਪੈਣ। ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ (ਕੇਵਲ ਇਹੀ ਗਤੀਵਿਧੀਆਂ ਕਰਨ ਲਈ) ਰਾਜ ਜੈਵ-ਵਿਭਿੰਨਤਾ ਬੋਰਡ ਨੂੰ ਲੋੜ ਅਨੁਸਾਰ ਫੰਡ ਮੁਹੱਈਆ ਕਰਵਾਏਗੀ।

9.2 ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਦੁਆਰਾ ਸਾਰੇ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀ ਇੱਕ ਰਾਸ਼ਟਰ ਪੱਧਰੀ ਨਜ਼ਰਸਾਨੀ ਮੀਟਿੰਗ, ਜਿਸ ਵਿੱਚ ਗੈ:ਸ: ਸੰਗਠਨ, ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ/ਹੋਰ ਸੰਸਥਾਵਾਂ, ਰਾਜ ਜੈਵ-ਵਿਭਿੰਨਤਾ ਬੋਰਡਾਂ, ਸਬੰਧਤ ਵਿਭਾਗਾਂ ਦੇ ਅਧਿਕਾਰੀਆਂ, ਵਿੱਦਿਅਕ ਸੰਸਥਾਵਾਂ, ਮਾਹਿਰਾਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੋਵੇ, ਸਾਲ ਵਿਚ ਇੱਕ ਵਾਰੀ ਸੱਦੀ ਜਾਵੇਗੀ। ਇਸ ਮੀਟਿੰਗ ਦੀ ਕਾਰਵਾਈ ਦੇ ਮਿੰਟ ਵਾਤਾਵਰਨ ਅਤੇ ਜੰਗਲਾਤ ਮੰਤਰਾਲਾ, ਭਾਰਤ ਸਰਕਾਰ ਨੂੰ ਸੌਂਪੇ ਜਾਣਗੇ।

9.3 ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਰਾਹੀਂ ਭਾਰਤ ਸਰਕਾਰ ਦੀ ਰਾਇ ਲੈਣ ਉਪਰੰਤ ਰਾਜ ਸਰਕਾਰ ਦਿਸ਼ਾਂ ਨਿਰਦੇਸ਼ਾਂ ਦੀ ਨੋਟੀਫਿਕੇਸ਼ਨ ਜਾਰੀ ਕਰੇਗੀ।

## 10. ਬਜਟ

10.1 ਜਦੋਂ ਰਾਜ ਸਰਕਾਰ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਨੋਟੀਫਿਕੇਸ਼ਨ ਕਰ ਦੇਵੇ ਤਾਂ ਜੈਵ-ਵਿਭਿੰਨਤਾ ਵਿਰਾਸਤੀ ਸਥਲ

ਦੀ ਸ਼ੁਰੂਆਤੀ ਸਥਾਪਨਾ ਲਈ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਲੋੜੀਂਦੇ ਫੰਡ ਸ਼ੁਰੂਆਤੀ ਧਨ ਦੇ ਰੂਪ ਵਿੱਚ ਰਾਜ ਜੈਵ-ਵਿਭਿੰਨਤਾ ਬੋਰਡ ਰਾਹੀਂ ਜਾਰੀ ਕਰੇਗੀ। ਨਾਲੋ ਨਾਲ ਹੀ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀਆਂ ਵਿੱਤੀ ਲੋੜਾਂ ਨੂੰ ਸਥਾਨਕ ਇਕਾਈ(ਆਂ) ਦੇ ਸਲਾਨਾ ਬਜਟ ਵਿੱਚ ਸ਼ਾਮਲ ਕੀਤਾ ਜਾਵੇਗਾ। ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੀ ਨੋਟੀਫਿਕੇਸ਼ਨ ਹੋਣ 'ਤੇ ਰਾਜ ਸਰਕਾਰ ਵੀ ਇਸ ਨੂੰ ਲੋੜੀਂਦਾ ਧਨ ਰਾਜ ਜੈਵ-ਵਿਭਿੰਨਤਾ ਬੋਰਡ ਰਾਹੀਂ ਮੁਹੱਈਆ ਕਰਵਾਏਗੀ। ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਜਾਂ ਕੋਈ ਹੋਰ ਸੰਸਥਾ, ਜੋ ਕਿ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਪ੍ਰਬੰਧ ਚਲਾ ਰਹੀ ਹੋਵੇ, ਨੂੰ ਸਾਰੀਆਂ ਸਰਕਾਰੀ ਯੋਜਨਾਵਾਂ ਅਤੇ ਹੋਰ ਆਰਥਿਕ ਮੱਦਦ ਪ੍ਰਾਪਤ ਕਰਨ ਲਈ ਅਧਿਕਾਰਿਤ ਸੰਸਥਾ ਵਜੋਂ ਮਾਨਤਾ ਪ੍ਰਾਪਤ ਹੋਵੇਗੀ। ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਜਾਂ ਦੂਜੀ ਕਿਸੇ ਸੰਸਥਾ ਦੇ ਰਾਸ਼ਟਰੀਕ੍ਰਿਤ ਬੈਂਕ ਜਾਂ ਡਾਕਖਾਨੇ ਵਿੱਚ ਚੱਲ ਰਹੇ ਬੱਚਤ ਖਾਤੇ ਨੂੰ ਅਜਿਹੀਆਂ ਸਾਰੀਆਂ ਰਾਸ਼ੀਆਂ ਪ੍ਰਾਪਤ ਕਰਨ ਲਈ ਅਧਿਕਾਰਿਤ ਕੀਤਾ ਜਾਵੇਗਾ। ਜੈਵ-ਵਿਭਿੰਨਤਾ ਵਿਰਾਸਤੀ ਸਥਲ ਦਾ ਪ੍ਰਬੰਧ ਦੇਖ ਰਹੀਆਂ ਉਕਤ ਵਰਣਿਤ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਖਾਤਿਆਂ ਦਾ ਸਲਾਨਾ ਆਡਿਟ, ਨਿਯਮਾਂ ਅਨੁਸਾਰ ਅਤੇ ਉਸੇ ਤਰ੍ਹਾਂ ਕੀਤਾ ਜਾਵੇਗਾ ਜਿਵੇਂ ਕਿ ਸਥਾਨਕ ਇਕਾਈਆਂ ਦਾ ਕੀਤਾ ਜਾਂਦਾ ਹੈ।

**10.2** ਰਾਜ ਜੈਵ-ਵਿਭਿੰਨਤਾ ਬੋਰਡ ਆਪੋ ਆਪਣੇ ਰਾਜਾਂ ਵਿੱਚ ਜੈਵ-ਵਿਭਿੰਨਤਾ ਵਿਰਾਸਤੀ ਸਥਲ ਬਨਾਉਣ/ਘੋਸ਼ਿਤ ਕਰਨ ਸਬੰਧੀ ਕੀਤੀਆਂ ਗਈਆਂ ਨੋਟੀਫਿਕੇਸ਼ਨਾਂ ਸਬੰਧੀ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਨੂੰ ਦੱਸਦੇ ਰਹਿਣਗੇ। ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਆਪਣੀਆਂ ਮਾਹਿਰ ਕਮੇਟੀਆਂ ਰਾਹੀਂ ਜੈਵ-ਵਿਭਿੰਨਤਾ ਵਿਰਾਸਤੀ ਸਥਲ ਦੇ ਪ੍ਰਬੰਧਣ ਦੀ ਕਾਰਗੁਜ਼ਾਰੀ ਦਾ ਆਡਿਟ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ/ਹੋਰ ਸੰਸਥਾਵਾਂ/ਰਾਜ ਜੈਵ-ਵਿਭਿੰਨਤਾ ਬੋਰਡਾਂ ਦੁਆਰਾ ਕਰਵਾਏਗੀ।

## 10.3 ਅੰਤਲਾ

ਵਿਭਿੰਨ ਮਾਹਿਰਾਂ ਨਾਲ ਰਾਇ-ਮਸ਼ਵਰਾ ਕਰਕੇ ਤਿਆਰ ਕੀਤੇ ਗਏ ਇਹ ਕੇਵਲ ਮਾਡਲ (ਆਦਰਸ਼) ਦਿਸ਼ਾ-ਨਿਰਦੇਸ਼ ਹਨ। ਵਿਭਿੰਨ ਰਾਜ ਸਰਕਾਰਾਂ ਲੋੜੀਂਦੀਆਂ ਤਬਦੀਲੀਆਂ (ਜੋ ਕਿ ਜੈਵ-ਵਿਭਿੰਨਤਾ ਕਾਨੂੰਨ, 2002 ਦੀ ਭਾਵਨਾ ਅਤੇ ਦਾਇਰੇ ਦੇ ਅੰਦਰ ਹੋਣ) ਕਰਕੇ ਇਨ੍ਹਾਂ ਦਿਸ਼ਾਂ- ਨਿਰਦੇਸ਼ਾਂ ਤੋਂ ਸੇਧ ਲੈਂਦੇ ਹੋਏ ਸਬੰਧਤ ਨਿਯਮ ਬਣਾ ਸਕਣ - ਇਸੇ ਉਦੇਸ਼ ਨਾਲ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨੂੰ ਤਿਆਰ ਕੀਤਾ ਗਿਆ ਹੈ।



ਚੱਟ-ਪੱਟ ਬਨੀ, ਪਿੰਡ ਕਟਾਰੂਚੱਕ, ਜ਼ਿਲ੍ਹਾ ਪਠਾਨਕੋਟ : ਸੰਭਾਵੀ ਜੈਵ-ਵਿਭਿੰਨਤਾ ਵਿਰਾਸਤੀ ਸਥਲ







ਇਨਾਮੀ ਬਾਗ, ਪਿੰਡ ਬੱਸੀ ਉਮਰ ਖਾਨ, ਜ਼ਿਲ੍ਹਾ ਹੁਸ਼ਿਆਰਪੁਰ : ਸੰਭਾਵੀ ਜੈਵ-ਵਿਭਿੰਨਤਾ ਵਿਰਾਸਤੀ ਸਥਲ







ਪਿੰਡ ਟਿੱਬਾ ਟੱਪਰਿਆਂ, ਜ਼ਿਲ੍ਹਾ ਰੂਪ ਨਗਰ : ਸੰਭਾਵੀ ਜੈਵ-ਵਿਭਿੰਨਤਾ ਵਿਰਾਸਤੀ ਸਥਲ





# ਪੰਜਾਬ ਜੈਵ-ਵਿਭਿੰਨਤਾ ਬੋਰਡ : ਮੁੱਢਲੀ ਜਾਣਕਾਰੀ

ਜੈਵਿਕ ਸ੍ਰੋਤਾਂ ਦੀ ਰੱਖਿਆ ਕਰਨ ਲਈ ਅਤੇ ਇਨ੍ਹਾਂ ਦੀ ਨਿਰੰਤਰ ਵਰਤੋਂ ਨੂੰ ਯਕੀਨੀ ਬਨਾਉਣ ਲਈ ਅਤੇ ਇਨ੍ਹਾਂ ਤੋਂ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਲਈ ਭਾਰਤ ਸਰਕਾਰ ਨੇ ਜੈਵਿਕ-ਵਿਭਿੰਨਤਾ ਕਾਨੂੰਨ, 2002 ਦਾ ਗਠਨ ਕੀਤਾ ਹੈ। ਲੋਕਾਂ ਦੀ ਭਾਗੀਦਾਰੀ ਰਾਹੀਂ ਜੈਵਿਕ-ਵਿਭਿੰਨਤਾ ਦੀ ਸਾਂਭ ਸੰਭਾਲ ਹੀ ਇਸ ਕਾਨੂੰਨ ਦਾ ਮੁੱਖ ਉਦੇਸ਼ ਹੈ।

ਜੈਵ-ਵਿਭਿੰਨਤਾ ਸੰਬੰਧੀ ਹੋਈ ਅੰਤਰਰਾਸ਼ਟਰੀ ਕਨਵੈਨਸ਼ਨ (ਸੰਧੀ) ਨੂੰ ਭਾਰਤ ਸਮੇਤ 193 ਦੇਸ਼ ਸਵੀਕਾਰ ਕਰ ਚੁੱਕੇ ਹਨ। ਇਸ ਕਨਵੈਨਸ਼ਨ ਦੇ ਭਾਗੀਦਾਰ ਹੋਣ ਕਰਕੇ ਭਾਰਤ ਨੇ ਜੈਵ-ਵਿਭਿੰਨਤਾ ਕਾਨੂੰਨ, 2002 ਬਣਾਇਆ। ਜੈਵ-ਵਿਭਿੰਨਤਾ ਕਾਨੂੰਨ, 2002 ਨੂੰ ਪੰਜਾਬ ਸੂਬੇ ਵਿਚ ਲਾਗੂ ਕਰਨ ਹਿੱਤ ਜੈਵਿਕ ਸ੍ਰੋਤਾਂ ਅਤੇ/ ਸਬੰਧਿਤ ਗਿਆਨ ਦੀ ਵਰਤੋਂ ਨੂੰ ਨਿਯਮਿਤ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਕਾਨੂੰਨ ਦੀ ਧਾਰਾ 22 ਅਧੀਨ ਪੰਜਾਬ ਜੈਵ-ਵਿਭਿੰਨਤਾ ਬੋਰਡ ਨੂੰ ਸਾਲ 2004 ਵਿੱਚ ਇਕ ਸੰਵਿਧਾਨਿਕ ਸੰਸਥਾ ਵਜੋਂ ਸਥਾਪਿਤ ਕੀਤਾ ਹੈ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੈਵ-ਵਿਭਿੰਨਤਾ ਬੋਰਡ ਦੇ ਚੇਅਰਮੈਨ ਹਨ।

ਪੰਜਾਬ ਜੈਵ-ਵਿਭਿੰਨਤਾ ਬੋਰਡ ਦੇ ਮੁੱਖ ਕਾਰਜ ਹੇਠ ਲਿਖੇ ਅਨੁਸਾਰ ਹਨ:

- ਰਾਜ ਵਿੱਚ ਪਾਏ ਜਾਣ ਵਾਲੇ ਜੀਵ-ਜੰਤੂ ਅਤੇ ਪੇੜ-ਪੌਦਿਆਂ ਦੀ ਸੁਰਖਿਆ ਅਤੇ ਸੰਭਾਲ ਨੂੰ ਵਧਾਵਾ ਦੇਣਾ।
- ਭਾਰਤੀ ਨਾਗਰਿਕਾਂ ਅਤੇ ਭਾਰਤ ਵਿੱਚ ਰਜਿਸਟਰਡ ਨਿਗਮਿਤ ਸੰਸਥਾਵਾਂ, ਐਸੋਸੀਏਸ਼ਨਾਂ ਅਤੇ ਸੰਗਠਨਾਂ ਵੱਲੋਂ ਪੰਜਾਬ ਵਿੱਚ ਮਿਲਣ ਵਾਲੇ ਜੈਵਿਕ ਸ੍ਰੋਤਾਂ ਦੀ ਵਪਾਰਕ ਵਰਤੋਂ ਲਈ ਪ੍ਰਾਪਤੀ (Access) ਨਿਯਮਿਤ ਕਰਨਾ।
- ਜੈਵਿਕ ਵਿਭਿੰਨਤਾ ਦੀ ਸੁਰੱਖਿਆ ਦੇ ਉਦੇਸ਼ਾਂ ਦੀ ਉਲੰਘਣਾ ਕਰਨ ਵਾਲੀਆਂ ਗਤੀਵਿਧੀਆਂ ਤੇ ਰੋਕ ਲਗਾਉਣਾ।
- ਰਾਜ ਦੇ ਜੈਵ-ਵਿਭਿੰਨਤਾ ਭਰਪੂਰ ਖੇਤਰਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੇ ਤੌਰ ਤੇ ਅਧਿਸੂਚਿਤ ਕਰਨਾ ਅਤੇ ਇਹਨਾਂ ਸਥਲਾਂ ਦੀ ਸਾਂਭ ਸੰਭਾਲ ਕਰਵਾਉਣਾ ।
- ਰਾਜ ਦੀ ਜੈਵ-ਵਿਭਿੰਨਤਾ ਦੀ ਸੰਭਾਲ ਲਈ ਜੈਵ ਵਿਭਿੰਨਤਾ ਫੰਡ ਦੀ ਸਥਾਪਨਾ ਕਰਨਾ।
- ਜੈਵਿਕ ਪ੍ਰਬੰਧਨ ਕਮੇਟਿਆਂ ਦੀ ਪਰਿਸ਼ਦ / ਬਲਾਕ/ ਗਰਾਮ ਸਭਾ / ਪੰਚਾਇਤ / ਮਿਊਂਸਪੈਲਿਟੀ / ਨਗਰ ਨਿਗਮ ਪੱਧਰ ਤੇ ਸਥਾਪਨਾ ਕਰਨਾ ।
- ਜੈਵ ਵਿਭਿੰਨਤਾ ਸੰਭਾਲ ਲਈ ਜਾਗਰੂਕਤਾ ਅਤੇ ਸਮਰਥੱਤਾ ਉਸਾਰੀ ਲਈ ਗਤਿਵਿਧੀਆਂ ਕਰਵਾਉਣਾ।

*ਅਗਲੇਰੀ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:*

**ਪੰਜਾਬ ਜੈਵ-ਵਿਭਿੰਨਤਾ ਬੋਰਡ**
ਦਫਤਰ: ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ
MGSIPA ਕੰਪਲੈਕਸ, ਸੈਕਟਰ 26,
ਚੰਡੀਗੜ੍ਹ - 160019
ਫੋਨ - 0172-2792325
ਫੈਕਸ - 0172-2793143
ਵੈਬਸਾਈਟ: www.pbb.gov.in